੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ
# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 31, 5-11 August, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੩੧, ੫-੧੧ ਅਗਸਤ ੨੦੨੧, ਜਿਲਦ ੩੧ | ੨੧-੨੭ ਸਾਵਣ ੨੦੭੮, ਨਾਨਕਸ਼ਾਹੀ ਸੰਮਤ ੫੫੩

## ਫ਼ਕੀਰੀ

❖ ਭਾਈ ਸਾਹਿਬ ਭਾਈ ਵੀਰ ਸਿੰਘ

{ਸਿਆਲਕੋਟ ਵਿਚ ਪੀਰ ਹਮਜ਼ਾ ਗੌਂਸ ਦਾ ਚਿਲਾ ਤੋੜਨ ਤੋਂ ਬਾਦ ਗੁਰੂ ਜੀ ਦੀ ਉਸ ਨੂੰ ਸਿੱਖਿਆ।}

ਉਹ ਦਰਵੇਸ਼ ਨਹੀਂ ਜੋ ਕਹਿਰ ਦੇ ਹੱਥ ਵਿਕਦਾ ਹੈ, ਫ਼ਕੀਰ ਦਾ ਮਕਾਨ ਸੀਤਲਤਾਈ ਹੈ, ਠੰਢ ਹੈ ਤੇ ਟਿਕਾਊ ਹੈ। ਉਹ ਪਿਆਰ ਵਿਚ ਕਿੱਥੋਂ ਹੈ ਜੋ ਦੁੱਪਰਿਆਰ ਹੱਥ ਵਿਕੇ? ਉਹ ਰੱਬ ਦਾ ਕਿਵੇਂ ਜੋ ਸਦਾ ਬਖਸ਼ਿੰਦ ਨਹੀਂ? ਮਨ ਮਾਰਨਾ ਕਠਨ ਹੈ, ਭੁੱਲਾਂ ਤੋਂ ਬਚਣਾ ਔਖਾ ਹੈ, ਪਰ ਫ਼ਕੀਰ ਨੇ ਤਾਂ ਨਫ਼ਸ ਹੀ ਮਾਰਨਾ ਹੈ, ਨਫ਼ਸ ਦੀ ਸਵਾਰੀ ਕਰਨੀ ਹੈ, ਆਪ ਤਾਂ ਨਫ਼ਸ ਦੀ ਸਵਾਰੀ ਨਹੀਂ ਬਣਨਾ। ਫ਼ਕੀਰ ਨੇ ਮਨੋਵੇਗ ਦੇ ਹੱਥ ਵਾਗਾਂ ਨਹੀਂ ਦੇਣੀਆਂ, ਮਨ ਦੀਆਂ ਵਾਗਾਂ ਹੱਥ ਰੱਖਕੇ ਉੱਚੇ ਘਰ ਸਦਾ ਖਿੜਨਾ ਹੈ।

ਹੁਣ ਸਤਿਗੁਰ ਦਾ ਰੰਗ ਬਦਲ ਗਿਆ, ਨੈਣ ਉੱਚੇ ਹੋ ਗਏ, ਲਾਲੀ ਭਾ ਛਾ ਗਈ ਤੇ ਸਰੀਰ ਸਾਰਾ ਸੁਰ ਕੀਤੇ ਸਾਜ਼ ਦੀ ਤਾਰ ਵਾਂਙੂ ਖਿੱਚ ਗਿਆ। ਮਰਦਾਨਾ ਰੰਗ ਨੂੰ ਸਮਝਦਾ ਸੀ, ਉਸਨੇ ਰਬਾਬ ਛੇੜ ਦਿੱਤਾ। ਜਗਤ ਨੂੰ ਸੰਗੀਤਕ ਲਹਿਰੇ ਵਿਚ, ਅੰਦਰਲੇ ਦੇ ਹੁਸਨ ਵਿਚ, ਸੁਖ ਵਿਚ ਤੇ ਪਿਆਰ ਵਿਚ ਰੱਖਣ ਆਏ ਦਾਤਾ ਜੀ ਤੋਂ ਇਹ ਸ਼ਬਦ ਹੋਇਆ ਰਾਮਕਲੀ ਵਿਚ, ਧੁਨਿ ਉੱਠੀ ਇਲਾਹੀ, ਆਪ ਗਾਵੇਂ:-

**ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ॥ ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ॥੧॥ ਕਿਨ ਬਿਧਿ ਸਾਗਰੁ ਤਰੀਐ॥ ਜੀਵਤਿਆ ਨਹ ਮਰੀਐ॥੧॥ਰਹਾਉ॥ ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ॥੨॥ ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ॥੩॥ ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ॥੪॥ ਇਨ ਬਿਧਿ ਸਾਗਰੁ ਤਰੀਐ॥ ਜੀਵਤਿਆ ਇਉ ਮਰੀਐ॥੧॥ ਰਹਾਉ ਦੂਜਾ॥੩॥**

(ਰਾਮ:ਮ:੧, ਅੰਗ-੮੭੭)

ਇਸ ਸ਼ਬਦ ਦੀ ਮਿੱਠੀ ਧੁਨਕਾਰ, ਰਾਮਕਲੀ ਦੀ ਪਿਆਰੀ ਪਿਆਰੀ ਵੈਰਾਗਮਈ ਗੂੰਜ, ਸ਼ਬਦ ਸਾਫ਼ ਸੁਥਰਾ, ਸੱਚਾ ਅਰਥ, ਮਰਦਾਨੇ ਦਾ ਬਜਤ੍ਰ, ਇਕ ਉਹ ਨਕਸ਼ਾ ਬੰਨ੍ਹ ਗਏ ਕਿ ਸ਼ਾਂਤਿ, ਏਕਾਂਤ, ਵੈਰਾਗ ਤੇ ਸੱਚੀ ਉਦਾਸੀਨਤਾ ਛਾ ਗਈ। ਕੋਲ ਬੈਠਿਆਂ ਦੇ ਕਲੇਜਿਆਂ ਵਿਚ ਅਪਣੇ ਔਗੁਣਾਂ ਦੀ ਸੋਝੀ ਦੀਆਂ ਛੁਰੀਆਂ ਫਿਰ ਗਈਆਂ। ਪੀਰ ਜੀ ਤੇ ਖਾਸ ਅਸਰ ਹੋਇਆ। ਉਹ ਜੋ ਫ਼ਕੀਰੀ ਦਾ ਅਸਲ ਆਦਰਸ਼ ਹੈ ਆਪੇ ਦਿੱਸ ਪਿਆ। ਜਿਥੇ ਫ਼ਕੀਰ ਫਸ ਰਿਹਾ ਸੀ ਜਿੱਲ੍ਹਣ ਨਜ਼ਰੀ ਪੈ ਗਈ। ਉਸ ਦੇ ਆਪੇ ਨੇ ਆਪਣੀ ਭੁੱਲ ਵੇਖ ਲਈ।

'ਫ਼ਕੀਰ' ਦਰ ਦਰਸ਼ਨ ਦੇ ਪ੍ਰੀਤਮ ਦਾ ਨਾਉਂ ਹੈ। ਜੋ ਆਪ ਦਰਸ਼ਨ ਦਾ ਪ੍ਰੀਤਮ ਹੋਵੇ, ਹੋਰਨਾਂ ਨੂੰ ਦਰਸ਼ਨ ਦੀ ਸਿੱਕ ਲਾਵੇ, ਉਹ ਪੀਰ ਹੈ, ਸਿੱਧ ਹੈ। ਨਹੀਂ ਤਾਂ ਕੁਛ ਨਹੀਂ ਹੈ।

ਦਰ ਦਰਸ਼ਨ ਦੀ ਪ੍ਰਾਪਤੀ ਵਿਚ ਇਹ ਰੋਕਾਂ ਹਨ-

(ੳ) ਦੁਖ (ਬੀਮਾਰੀਆਂ ਅਤੇ ਕਲੇਸ਼)।
(ਅ) ਰੋਹ (ਗੁੱਸਾ, ਈਰਖਾ, ਜਲਨ, ਬੁਰੇ ਕਰਨੇ, ਜਿੱਦਾਂ, ਹੋਡਾਂ, ਸਾੜੇ)।
(ੲ) ਆਸਾ, ਤ੍ਰਿਸ਼ਨਾ।

ਅੰਦਰ............


- ☐ ਸੇਵਾ ਸੁਰਤਿ ਸਬਦਿ ਵਿਚਾਰਿ 3
- ☐ ਸੰਤ ਬਿਮਲਾ ਸਿੰਘ: ਪਤਿਤ ਪਵਿੱਤ੍ਰ 6
- ☐ Bhagat Puran Singh 7
- ☐ ਪੁਸਤਕ-ਪੜਚੋਲ: **ਕਿਤਾਬ** 9
- ☐ ਸੌ ਸਾਲ ਪਹਿਲਾਂ: ਸ੍ਰੀ ਪੰਜਾ ਸਾਹਿਬ 10
- ☐ ਸ਼ਬਦ ਵਿਆਖਿਆ 11
- ☐ ਰਿਪੋਰਟ : ਗੁਰੂ ਤੇਗ ਬਹਾਦਰ ਜੀ ਦੇ ਮਾਲਵਾ... 12

(ਸ) ਅੰਦੇਸਾ (ਫ਼ਿਕਰ, ਸੋਚਾਂ, ਗ਼ਮ, ਚਿੰਤਾ, ਭੈ, ਵਾਲੀਆਂ ਸੋਚਾਂ)।
(ਹ) ਮਾਇਆ (ਪਦਾਰਥ, ਸਾਕਾਂ ਮਿੱਤ੍ਰਾਂ ਦੇ ਮੋਹ)

ਇਨ੍ਹਾਂ ਤੇ ਫਤਹ ਪਾਉਣੀ, ਜੀਉਂਦੇ ਮਰਨਾ ਹੈ। ਇਹ ਜੀਉਂਦੇ ਮਰਨਾ ਸਾਗਰ ਤਰਨ ਸਮਾਨ ਕਠਨ ਹੈ।

ਵਾਹਿਗੁਰੂ ਦਾ ਨਿਵਾਸ 'ਸਤਿ' ਦੇ ਆਸਣ ਤੇ ਹੈ।

'ਆਸ ਅੰਦੇਸੇ' ਤੇ ਫਤਹ ਪਾਉਣੀ ਇਸ ਆਸਣ ਦੇ ਰਸਤੇ ਟੁਰਨ ਲਈ ਜ਼ਰੂਰੀ ਹੈ। ਜੇ ਕੋਈ ਫ਼ਕੀਰ ਆਖਦਾ ਹੈ ਕਿ ਮੈਂ ਇਕ ਨੂੰ ਮਿਲਿਆ ਹਾਂ ਪਰ ਹੈ ਉਹ ਆਸ ਅੰਦੇਸੇ ਵਿਚ, ਤਾਂ ਉਹ ਠੀਕ ਨਹੀਂ ਆਖ ਰਿਹਾ।

ਆਸ ਵਿਚ ਵੱਸਦਾ ਦਿੱਸੇ ਪਰ ਸੁਰਤ ਉਸ ਦੀ ਨਿਰਾਸਾ ਵਿਚ ਹੋਵੇ, ਤਦ ਉਹ ਕਿਸੇ ਹਠ ਯਾ ਰੋਹ ਵਿਚ ਨਹੀਂ ਫਸੇਗਾ। ਗੱਪਾਂ ਨਹੀਂ ਮਾਰਨੀਆਂ ਕਿ ਅਸਾਂ ਆਪਾ ਪਾ ਲਿਆ ਹੈ ਜੇ ਅੰਦਰ ਰਸ ਭਰੇ ਤਾਂ ਅੰਦਰੇ ਜਰਨਾ ਹੈ ਤੇ ਰਜ਼ਾ ਤੇ ਤੱਕ ਰੱਖਣੀ ਹੈ ਕਿ ਜੋ ਕਰ ਰਿਹਾ ਹੈ ਮੇਰਾ ਰੱਬ ਕਰ ਰਿਹਾ ਹੈ, ਮੈਂ ਕਿਸ ਨੂੰ ਬੁੱਕ ਸੁਣਾਵਾਂ। ਇਹ ਸਮਦਰਸੀ ਭਾਵ ਅੰਦਰ ਹੋਵੇ, ਵਰਤਣ ਪਿਆਰ ਤੇ ਆਪਾ ਨਾ ਜਨਾਵਣ ਦੀ ਹੋਵੇ ਤਾਂ ਜੀਉਂਦਾ ਮਰਦਾ ਤੇ ਸਾਗਰ ਤਰਦਾ ਹੈ।

ਇਸ ਜਨਮ ਦਾ ਆਸ਼ਾ ਪਰਮੇਸ਼ੁਰ ਦੀ ਪ੍ਰਾਪਤੀ ਹੈ। ਮਾਲਕ ਨੇ, ਜੋ ਅਕਹਿ ਤੇ ਅਗੋਚਰ ਹੈ, ਆਪਣੇ ਅਗੋਚਰ ਹੁਕਮ ਨਾਲ ਸਾਨੂੰ ਸਾਜਿਆ ਹੈ। ਜੇ ਤਾਂ ਅਸੀਂ ਉਸ ਨਾਲ ਮਿਲੇ ਹਾਂ ਤਾਂ ਅਸੀਂ ਸਰਵੇ, ਹਰੇ, ਲਹਿ-ਲਹੇ, ਸੱਚੇ ਤੇ ਸੁੱਚੇ ਹਾਂ, ਜਦੋਂ ਵਿਛੁੜੇ ਫੇਰ ਅਸੀਂ ਦਿੱਸਣ ਵਾਲਿਆਂ ਦੇ ਮੋਹ ਵਿਚ ਫਸ ਕੇ ਟੁੱਟੇ ਡਾਲ ਵਾਂਗ ਸੁੱਕੇ ਕਾਠ, ਯਾ ਚਸ਼ਮਿਓਂ ਵਿਛੁੜੇ ਛੱਪੜ ਵਾਂਗੂ ਤ੍ਰੱਕ ਉਠਦੇ ਹਾਂ। ਫ਼ਕੀਰ ਨੇ ਆਪਣੇ ਅੰਦਰਲੇ ਨੂੰ ਲਗਾਤਾਰ ਸਾਂਈਂ ਨਾਲ ਰੱਖਣਾ ਹੈ। ਯਾਦ ਇਸ ਦੀ ਡੋਰ ਹੈ। ਆਸ ਅੰਦੇਸੇ, ਹਰ ਗੱਲ, ਜੋ ਦੀਸਣਹਾਰ ਵਿਚ ਫਸਾਵੇ, ਓਹ ਸਾਂਈਂ ਨਾਲੋਂ ਤੋੜਨ ਵਾਲੀ ਹੈ, ਉਹ ਵਰਜਣੀ ਹੈ। ਨੱਸ ਬੀ ਨਹੀਂ ਜਾਣਾ, ਵਿੱਚੇ ਰਹਿਣਾ ਹੈ ਤੇ ਸਦਾ ਉੱਚੀ ਕਲਾ ਵਿਚ ਸਾਂਈਂ ਦੀ ਯਾਦ ਵਿਚ ਵਿਚਰਨਾ ਹੈ। ਹੁਣ ਜਦ ਪ੍ਰਯੋਜਨ ਇਹ ਹੈ ਤੇ ਫਲ ਏਥੇ ਓਥੇ ਦਾ ਸੁਖ ਹੈ ਤਾਂ ਫੇਰ ਸਿੱਧੀਆਂ, ਰਿੱਧੀਆਂ ਆਪਣੇ ਪਰਤਾਪ ਬਨਾਉਣ ਦਾ ਕਿਹੜਾ ਥਾਂ ਹੈ। 'ਮਾਨ ਮਹੱਤ ਤੇ ਦਰਬ' ਤਾਂ ਸਾਂਈਂ ਦਿਆਂ ਲੋਕਾਂ ਨੇ ਇਨ੍ਹਾਂ ਤੋਂ ਆਪਣਾ ਬਚਾਉ ਕਰਨਾ ਹੈ, ਨਾਂ ਕਿ 'ਮਾਨ ਮਹੱਤ ਤੇ ਦਰਬ' ਦੇ ਮਗਰ ਫਿਰਨਾ ਹੈ? ਜੇ ਕੋਈ ਸਾਧ, ਸਿੱਧ, ਪੀਰ, ਫ਼ਕੀਰ, ਸੰਤ ਮਹਾਤਮਾ ਹੈ ਤੇ ਉਹ ਮਾਨ ਮਹੱਤ ਵਿਚ ਰੁੜ੍ਹਦਾ ਹੈ ਤਾਂ ਉਹ ਗ੍ਰਿਹਸਤੀ ਹੈ ਤੇ ਨੀਵੀਂ ਤਰ੍ਹਾਂ ਦਾ ਗ੍ਰਿਹਸਤੀ ਹੈ, ਜੇ ਓਹ ਆਮਦਨਾਂ ਵਧਾਕੇ ਖੁਸ਼ ਹੁੰਦਾ ਹੈ ਤੇ ਲੋਕਾਂ ਨੂੰ ਖੁਵਾਲਣ ਦੇ ਬਹਾਨੇ ਬਣਾਕੇ ਮਾਇਆ ਕੱਠੀ ਕਰਦਾ ਹੈ ਤੇ ਵਰ ਸ੍ਰਾਪ ਦੇਕੇ ਤਹਿਤ ਬਹਾਲਦਾ ਹੈ ਤਾਂ ਉਹ ਪੱਕਾ ਦੁਨੀਆਂਦਾਰ ਹੈ। ਓਹ ਦੀਨ ਦਾ ਰੱਖਣ ਵਾਲਾ ਰਾਖਾ ਨਹੀਂ ਹੈ। ਐਸੇ ਫ਼ਕੀਰਾਂ ਨੇ ਜਗਤ ਨੂੰ ਦੁੱਖ ਵਿਚ ਪਾਇਆ ਹੈ। ਫ਼ਕੀਰ ਉਹ ਜੋ ਸੁਖੀ ਹੈ; ਪੀਰ, ਫ਼ਕੀਰ, ਸਾਧਿਕ, ਸੰਤ, ਮਹਾਤਮਾ ਉਹੋ ਜੋ ਆਪ ਜਪਦਾ ਹੋਰਨਾਂ ਨੂੰ ਜਪਾਉਂਦਾ ਹੈ। ਆਪ ਆਸ ਅੰਦੇਸੇ ਤੋਂ ਪਾਰ ਹੈ, ਹੋਰਨਾਂ ਦੇ ਆਸ ਅੰਦੇਸੇ ਕੱਟਦਾ ਹੈ। ਪਰ ਜੋ ਵਰਾਂ ਸ੍ਰਾਪਾਂ ਹੇਠਾਂ ਮਾਇਆ ਦੇ ਵਸੀਲੇ ਬੰਨ੍ਹਣ ਵਿਚ, ਜਾਇਦਾਦਾਂ ਰਚਨ ਵਿਚ ਹੈ, ਓਹ ਰੱਬੀ ਬੰਦਾ ਨਹੀਂ, ਓਹ ਗ੍ਰਿਹਸਤੀ ਹੈ ਤੇ ਉਜਾੜ ਵਿਚ ਹੱਟੀ ਪਾਉਂਦਾ ਹੈ। ਜਗਤ ਭੁਲਦਾ ਹੈ ਤੇ ਇਸੇ ਕਰਕੇ ਜਗਤ ਵਿਚ ਸੁੱਚੀ ਮੱਤ ਨਹੀਂ ਰਹੀ, ਪ੍ਰੇਮ ਨਹੀਂ ਰਿਹਾ, ਜੀਵਨ ਨਹੀਂ ਰਿਹਾ, ਉਚਾਈ ਤੇ ਸਚਾਈ ਨਹੀਂ ਰਹੀ। ਸੱਚ ਬਿਨਾਂ ਸੁੱਚਾ ਕੋਈ ਨਹੀਂ ਤੇ ਸਚ ਜਿਹਾ ਰਸ ਤੇ ਸੁਖ ਕੋਈ ਨਹੀਂ। ਮੁਰੀਦੀਆਂ, ਜਿਨ੍ਹਾਂ ਦਾ ਮਤਲਬ ਨਿਰੇ ਬਾਲਕੇ ਬਨਾਉਣੇ ਤੇ ਮਾਯਾ ਵਧਾਉਣੀ ਹੋਵੇ, ਛੱਡ ਦਿਓ। ਨਿਰਵਾਸ਼ ਰਹੋ ਤੇ ਅੰਦਰ ਨੂੰ ਸੁੱਚਾ ਕਰੋ। ਅੰਦਰ ਦੇ ਦੁਖ ਸੁਖ ਦੇਖੋ! ਅੰਦਰ ਨੂੰ 'ਸਾਂਈਂ ਲਿਵ ਲੱਗਾ' ਬਨਾਈ ਚੱਲੋ ਤੇ ਏਸ ਰੰਗ ਤੋਂ ਬਿਨਾਂ ਸਾਰੇ ਸੰਕਲਪਾਂ, ਇੱਛਜਾਂ, ਕਰਮਾਂ ਨੂੰ ਬੰਧਨ ਸਮਝੋ, ਤਾਂ ਤੁਸੀਂ ਸੁਖੀ ਹੋ। ਸੁਖੀ ਬੰਦਾ ਦੁਨੀਆਂ ਨੂੰ ਸੁਖ ਦੇਂਦਾ ਤੇ ਬੰਨ੍ਹਿਆਂ ਹੋਇਆਂ ਦੇ ਬੰਧਨ ਤੋੜਦਾ ਹੈ, ਉਸ ਤੋਂ ਸਦਾ ਪਿਆਰ ਤੇ ਮਿਹਰ ਦਾ ਮੀਂਹ ਵਸਦਾ ਹੈ।

– (ਗੁ: ਨਾ: ਚ: ਭਾਗ 1, ਅਧਿ-47)

❖ ❖ ❖ ❖

## ਫ਼ਕੀਰਾ!
### (ਦਾਸ ਕਿ ਮਾਲਿਕ)

ਫਕੀਰਾ! ਚਲ ਸੰਭਲਕੇ ਤੂੰ ਜੇ ਖ਼ੁਸ਼ਬੋਈ ਨਿਕਲ ਤੁਰੀ-ਆ;
ਕਿ ਭੌਰੇ ਔਣਗੇ ਦੁਆਲੇ ਇਹ ਗਲ ਭਲੀ-ਆ ਤੇ ਭੀ ਬੁਰੀ-ਆ।

ਜੁ ਖ਼ੁਸ਼ਬੋਈ ਦੇ ਗ੍ਰਾਹਕ ਹਨ, ਜੋ ਗੁੰਜਾਰਾਂ ਦੇ ਗਾਯਕ ਹਨ,
ਇਨ੍ਹਾਂ ਮਸਤਾਂ ਦੀ ਸੁਹਬਤ ਜੋ, ਫਕੀਰਾ! ਸੋ ਖਰੀਆ, ਸੋ ਖਰੀ

ਆਏ ਪਜਾਰਨਗੇ ਤੁਧੇ ਤਾਂਈਂ, ਭੀ ਤੇਰਾ ਪਜਾਰ ਲੇਵਣਗੇ,
ਲਗੇਗਾ ਰੰਗ ਦੂਹਰਾ ਹੋ, ਝਰੀ ਮਾਨੋਂ ਮਧੂ ਝਰੀ ਆ।

ਗੁਣਾਂ ਪ੍ਰੀਤਮ ਦਾ ਗਾਯਨ ਹੋ, ਖੁਲ੍ਹੇਗਾ ਸ੍ਵਾਦ ਸਿਫ਼ਤਾਂ ਦਾ,
ਹੁਸਨ ਸੁਹਣੇ ਦਾ ਚਮਕੇਗਾ ਕਿ ਕੁਈ ਸੰਗੀਤ ਦੀ ਪਰੀ ਆ।

ਕੋਈ ਇਕ ਹੋਰ ਆਵਨਗੇ, ਓ ਕਬਜ਼ਾ ਨਿੱਜ ਜਮਾਵਨਗੇ, ਨਿਰਾ
ਅਪਣਾ ਹੀ ਜਾਣਨਗੇ, ਇਹ ਸੁਹਬਤ ਮੂਲ ਨਾ ਕਰੀ-ਆ!

ਹਰ ਇਕ ਚਾਹੂ ਤੂੰ ਮੇਰਾ ਹੋ, ਮੇਰਾ ਹੀ ਇੱਕ ਮੇਰਾ ਹੋ,
ਨ ਹੋਰਸ ਦਾ ਤੂੰ ਹੋ ਰੱਤੀ, ਇਹ ਚਾਹਨਾਂ ਜਾਣ ਲੈ ਬੁਰੀ-ਆ।

ਇ ਮਾਂ ਹੈ ਈਰਖਾ ਦੀ ਵੇ, ਇ ਫਿਤਨੇ ਕਰ ਦਿਊ ਬਰਪਾ
ਡਰੀਂ ਇਸ ਤੋਂ ਫ਼ਕੀਰਾ ਵੇ! ਡਰੀਂ ਨਿਤ ਏਸ ਤੋਂ ਡਰੀ-ਆ।

ਬਣਨਗੇ ਦਾਸ ਏ ਤੇਰੇ, ਪੈ ਹੋਵਨਗੇ ਤਿਰੇ ਮਾਲਕ,
ਨਕੇਲ ਅਣਦਿੱਸਵੀਂ ਪਾਕੇ, ਇਹ ਖਿੱਚਣਗੇ: ਮਗਰ ਤੁਰੀ ਆ।

ਤੂੰ ਬੰਦਾ ਇਸ਼ਕ ਦਾ ਹੈਂਵੇਂ! ਫਕੀਰਾ! ਹੈਂ ਸੁਤੰਤਰ ਤੂੰ,
ਨਿਰਾਂਕੁਸ ਹੋ ਵਿਚਰਦਾ ਰਹੁ, ਇਸੇ ਹੀ ਰਵਸ਼ ਤੇ ਤੁਰੀ-ਆ।

– ਆਵਾਜ਼ ਆਈ

# ਸੇਵਾ ਸੁਰਤਿ ਸਬਦਿ ਵਿਚਾਰਿ

❖ ਡਾ. ਗੁਲਜ਼ਾਰ ਸਿੰਘ ਕੰਗ

ਸਿੱਖ-ਚਿੰਤਨ ਵਿਚ ਸੇਵਾ ਦਾ ਸੰਕਲਪ ਆਪਣੇ ਭੌਤਿਕ ਪਾਸਾਰਾਂ ਤੋਂ ਆਰੰਭ ਹੋ ਕੇ ਪਰਾਭੌਤਿਕਤਾ ਦੇ ਅਸੀਮ ਪਾਸਾਰ ਤਕ ਬਹੁ-ਪਰਤੀ, ਬਹੁ-ਦਿਸ਼ਾਵੀ ਤੇ ਬਹੁ-ਪੱਖੀ ਸਰੋਕਾਰਾਂ ਨੂੰ ਉਜਾਗਰ ਕਰਦਾ ਹੈ। ਇਹ ਪਰਮਸਤਿ ਦੀ ਪ੍ਰਾਪਤੀ ਦੀ ਅਧਿਆਤਮਕ ਸਾਧਨਾ ਵੀ ਹੈ ਅਤੇ ਸਿੱਖ ਦੀ ਜੀਵਨ-ਜਾਚ ਦਾ ਆਦਰਸ਼ ਵੀ। ਇਹ ਬਾਹਰੋਂ ਠੋਸਿਆ ਹੋਇਆ ਕੋਈ ਕਰਮ ਵਿਧਾਨ ਨਹੀਂ ਸਗੋਂ ਸਿੱਖ ਦੇ ਵਿਅਕਤਿੱਤਵ ਵਿਚੋਂ ਉਜਾਗਰ ਹੋਇਆ ਖਲਕਤ 'ਚੋਂ ਖਾਲਕ ਨੂੰ ਨਿਹਾਰਣ ਦਾ ਚਾਅ ਤੇ ਅੰਦਰੂਨੀ ਖੇੜਾ ਹੈ। ਇਹ (ਸੇਵਾ) ਤਨ, ਮਨ, ਧਨ ਦੀਆਂ ਕੋਟੀਆਂ ਵਿਚ ਵਿਚਰਦੀ ਹੋਈ ਸਿੱਖ ਦੇ ਹਿਰਦੇ ਵਿੱਚੋਂ ਹਉਮੈ ਦਾ ਵਿਨਾਸ਼ ਕਰਕੇ ਉਸ ਦੀ ਸ਼ਖ਼ਸੀਅਤ ਨੂੰ ਹੁਕਮ ਤੇ ਭਾਣੇ ਦੇ ਅਨੁਸਾਰੀ ਹੋਣ ਦੀ ਅਡੋਲਤਾ, ਦ੍ਰਿੜਤਾ ਅਤੇ ਸਿਦਕ ਦੀ ਨੈਤਿਕਤਾ ਵਿਚ ਸਵਾਰਦੀ ਹੈ।

ਸ਼ਬਦ ਵਿਚਾਰ ਦੇ ਗੁਰ ਗਿਆਨ ਦੀ ਬੁਲੰਦੀ ਤੇ ਪਹੁੰਚ ਕੇ ਸੇਵਾ ਸੁਰਤਿ ਨਾਲ ਜੁੜ ਕੇ ਸਿੱਖ ਦੇ ਵਿਅਕਤਿਤਵ ਨੂੰ ਏਨਾ ਬਲਵਾਨ ਕਰ ਦਿੰਦੀ ਹੈ ਕਿ ਜਪ-ਤਪ, ਕਰਮ-ਕਾਂਡ, ਜੋਗ-ਅਭਿਆਸ ਦੀ ਸਾਧਨਾ ਬਹੁਤ ਪਿੱਛੇ ਰਹਿ ਜਾਂਦੀ ਹੈ ਤੇ ਇਹ ਨਿਰੋਲ ਸਿੱਖ ਦੇ ਅਧਿਆਤਮਕ ਜੀਵਨ ਦਾ ਕੇਂਦਰ ਬਿੰਦੂ ਬਣ ਜਾਂਦੀ ਹੈ। ਸੇਵਾ ਦੀ ਇਹ ਇਲਹਾਮੀ ਪਰਤ ਜੋ 'ਸੇਵਾ ਸੁਰਤਿ ਸਬਦਿ ਵਿਚਾਰਿ' ਦੇ ਰਹੱਸ ਨੂੰ ਖੋਲ੍ਹਦੀ ਹੈ, ਇਸ ਹੱਥਲੇ ਪਰਚੇ ਦਾ ਵਿਸ਼ਾ ਹੈ। ਗੁਰਬਾਣੀ ਦੇ ਇਸ ਮਹਾਂਵਾਕ ਨਾਲ ਕੇਂਦਰਿਤ ਹੋ ਕੇ ਸੇਵਾ ਦੀ ਇਸ ਸੂਖਮ ਪਰਤ ਨੂੰ ਸਮਝਣਾ ਭਾਵੇਂ ਅਨੁਭਵੀਆਂ ਦਾ ਖੇਤਰ ਹੈ ਪਰ ਅਕਾਦਮਿਕ ਪੱਧਰ ਤੇ ਇਹ ਇਕ ਨਿਮਾਣਾ ਜਿਹਾ ਯਤਨ ਹੈ। ਇਸ ਤੋਂ ਪਹਿਲਾਂ ਕਿ 'ਸੇਵਾ ਸੁਰਤਿ ਸਬਦਿ ਵਿਚਾਰਿ' ਨੂੰ ਸਮਝਣ ਦੀਆਂ ਸੂਖਮ ਪਰਤਾਂ ਦੀ ਗੱਲ ਕੀਤੀ ਜਾਵੇ ਸਾਨੂੰ ਗੁਰਮਤਿ ਦੇ ਸੰਦਰਭ ਵਿਚ ਸੇਵਾ ਦੇ ਭਾਵ ਪ੍ਰਸੰਗ, ਸਰੂਪ ਤੇ ਇਸ ਦੀਆਂ ਕੋਟੀਆਂ ਨੂੰ ਮੋਟੇ ਰੂਪ ਵਿਚ ਸਮਝ ਲੈਣਾ ਜ਼ਰੂਰੀ ਹੈ।

ਸੇਵਾ ਸੰਸਕ੍ਰਿਤ ਸ਼ਬਦ 'ਸੇਵ' ਤੋਂ ਬਣਿਆ ਹੈ ਜਿਸ ਦੇ ਅਰਥ ਖ਼ਿਦਮਤ (ਟਹਿਲ) ਤੇ ਉਪਾਸਨਾ ਹਨ। ਗੁਰਬਾਣੀ ਵਿਚ 'ਸੇਵ' ਤੇ 'ਸੇਵਾ' ਦੋਵਾਂ ਪਦਾਂ ਦੀ ਵਰਤੋਂ ਹੋਈ ਹੈ, ਜਿਵੇਂ ਕਿ :

**ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ॥** (੪੬੬)

**ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥** (੨੬)

**ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥** (੬੮੩)

ਇਹਨਾਂ ਮਹਾਂਵਾਕਾਂ ਵਿੱਚੋਂ ਪਹਿਲੀ ਗੱਲ ਇਹ ਸਪਸ਼ਟ ਹੁੰਦੀ ਹੈ ਕਿ ਗੁਰਮਤਿ-ਚਿੰਤਨ ਵਿਚ 'ਸੇਵ' ਤੇ 'ਸੇਵਾ' ਦੋਵੇਂ ਪਰਿਆਇਵਾਚੀ (Synonymous) ਪਦ ਹਨ। ਦੂਜਾ ਸੇਵਾ ਕੇਵਲ ਮਾਤਰ ਲੋੜਵੰਦਾਂ, ਦੀਨ-ਦੁਖੀ ਦੀ ਖ਼ਿਦਮਤ ਮਾਤਰ ਨਹੀਂ ਸਗੋਂ ਇਕ ਸੰਕਲਪ ਵਜੋਂ ਸਾਧਨਾ ਹੈ। ਗੁਰਮਤਿ ਵਿਚ ਸੇਵਾ ਦੇ ਉਜਾਗਰ ਹੁੰਦੇ ਸਰੂਪ ਦੀ ਗੱਲ ਕਰਦੇ ਪ੍ਰੋ. ਗੁਲਵੰਤ ਸਿੰਘ ਲਿਖਦੇ ਹਨ-'ਗੁਰਮਤਿ ਇਕ ਆਸਥਾਪੂਰਣ ਪਰਮ ਵਿਵਸਥਾ ਹੈ, ਜਿਸ ਵਿਚ ਪਰਮਾਤਮਾ ਦੀ ਉਪਾਸਨਾ ਨੂੰ ਸਰਵੋਪਰੀ ਮਹੱਤਵ ਪ੍ਰਾਪਤ ਹੈ। ਗੁਰਬਾਣੀ ਵਿਚ 'ਹਰਿਨਾਮ ਕੀ ਸੇਵਾ' , 'ਭਗਵੰਤੁ ਕੀ ਟਹਿਲ' ਇਤਿਆਦ ਤੁਕਾਂਸ਼ਾਂ ਤੋਂ ਇਹ ਸੱਪਸ਼ਟ ਹੁੰਦਾ ਹੈ ਕਿ ਸੇਵਾ ਇਕ ਪ੍ਰਕਾਰ ਦੀ ਅਧਿਆਤਮਕ ਸਾਧਨਾ ਹੈ। ਜੀਵਨ ਇਕ ਸਦੀਵੀ ਅਤੇ ਅਟਿਕਵੀਂ ਗਤੀਧਾਰਾ ਹੈ। ਉੱਜਵਲ ਸੁਰਤਿ ਅਤੇ ਦ੍ਰਿੜ ਵਿਸ਼ਵਾਸ ਨਾਲ ਇਸ ਧਾਰਾ ਨੂੰ ਓਜ ਅਤੇ ਉਤਕਰਸ਼ ਵਲ ਮੋੜਿਆ ਜਾ ਸਕਦਾ ਹੈ।... ਵਿਸ਼ੇਸ਼ ਅਧਿਆਤਮਕ ਸਾਧਨਾ ਦੁਆਰਾ ਪੂਰਨਤਾ ਪ੍ਰਾਪਤੀ ਦਾ ਜਤਨ ਸਾਰਥਕ ਹੋ ਸਕਦਾ ਹੈ।' ਆਪਣੇ ਇਸ ਵਿਚਾਰ ਦੇ ਸੱਪਸ਼ਟੀਕਰਨ ਲਈ ਆਪ **ਹਰਿ ਕਾ ਸੇਵਕੁ ਸੋ ਹਰਿ ਜੇਹਾ॥ ਭੇਦੁ ਨ ਜਾਣਹੁ ਮਾਣਸ ਦੇਹਾ॥** (ਅੰਗ 1076) ਦਾ ਪ੍ਰਮਾਣ ਦਿੰਦੇ ਹਨ। ਇਵੇਂ ਆਪ ਇਸ ਸਿੱਟੇ ਤੇ ਪੁੱਜਦੇ ਹਨ ਕਿ ਗੁਰਮਤਿ ਅਨੁਸਾਰ ਸੇਵਾ 'ਸਾਰੂਪਯ ਪ੍ਰਾਪਤੀ' ਦੀ ਸਾਧਨਾ ਹੈ। ਗੁਰਮਤਿ ਵਿਚ ਸੇਵਾ ਦੇ ਸਰੂਪ ਦੀ ਨਿਸ਼ਾਨਦੇਹੀ ਕਰਦੇ ਪ੍ਰੋ. ਗੁਲਵੰਤ ਸਿੰਘ ਜੋ ਤਿੰਨ ਨੁਕਤੇ ਪੇਸ਼ ਕਰਦੇ ਹਨ ਉਹ ਬਹੁਤ ਹੀ ਮਹੱਤਵਪੂਰਨ ਹਨ :

1. ਸੇਵਾ ਅਧਿਆਤਮਕ ਸਾਧਨਾ ਹੈ ਜਿਸ ਦੇ ਆਧਾਰ ਤੇ ਪ੍ਰਾਣੀ ਸਤਿ ਸਰੂਪ ਪਰਮਾਤਮਾ ਵਿਚ ਸੁਰਤਿ ਜੋੜਦਾ ਹੈ ਅਤੇ ਪਰਮ-ਉਚ ਗੁਣ-ਉਤਕਰਸ਼ ਨੂੰ ਆਤਮਸਾਤ ਕਰਦਾ ਹੈ।
2. ਸੇਵਾ ਨੈਤਿਕ ਕਰੱਤਵ ਹੈ ਜਿਸ ਨਾਲ ਵਿਅਕਤੀ ਅਹੰਕਾਰ, ਈਰਖਾ, ਕਠੋਰਤਾ, ਵਕਰਤਾ ਅਤੇ ਤੁੱਛਤਾ ਉੱਪਰ ਕਾਬੂ ਪਉਂਦਾ ਹੈ।
3. ਸੇਵਾ ਸਮਾਜਕ ਵਿਵਹਾਰ ਹੈ ਜਿਸ ਦੁਆਰਾ ਵਿਅਕਤੀ ਨਿਜੀ ਸੰਕੀਰਨਤਾ ਵਿੱਚੋਂ ਨਿਕਲ ਕੇ ਸਮੂਹਿਕ ਵਿਸ਼ਾਲਤਾ ਦਾ ਜੀਵੰਤ ਅੰਗ ਬਣ ਜਾਂਦਾ ਹੈ। ਇਸ ਤਰ੍ਹਾਂ ਪਰਸਪਰ ਸਾਂਝ, ਸਹਿਯੋਗ ਅਤੇ ਸਮਾਨਤਾ ਦਾ ਵਾਤਾਵਰਣ ਸਥਾਪਤ ਹੁੰਦਾ ਹੈ ਜਿਸ ਵਿਚ ਵਿਆਸ਼ਟੀ ਅਤੇ ਸਮਸ਼ਟੀ ਦੋਹਾਂ ਦਾ ਗੌਰਵ ਸੁਰੱਖਿਅਤ ਰਹਿ ਸਕਦਾ ਹੈ।

ਸੇਵਾ ਦੇ ਗੁਰਮਤਿ ਸਰੂਪ ਵਿੱਚੋਂ ਇਹ ਗੱਲ ਸਹਿਜੇ ਸੱਪਸ਼ਟ ਹੋ ਜਾਂਦੀ ਹੈ ਕਿ ਇਥੇ ਸੇਵਾ ਦਾ ਨਿਆਰਾ ਤੇ ਸਦ-ਤਾਜ਼ਗੀ ਵਾਲਾ ਸੰਕਲਪ ਸਥਾਪਤ ਹੁੰਦਾ ਹੈ। ਇਸ ਨੂੰ ਪਰੰਪਰਾ ਦੀ ਨਿਰੰਤਰਤਾ ਵਿਚ ਵੇਖਣਾ ਤਾਂ ਦੂਰ ਦੀ ਗੱਲ ਹੈ, ਇਹ ਤਾਂ ਪਰੰਪਰਾ ਦੀਆਂ ਸਥਾਪਤ ਧਾਰਨਾਵਾਂ ਉੱਪਰ ਵੀ ਡੂੰਘੀ ਸੱਟ ਮਾਰਦਾ ਹੈ। ਮਧਕਾਲੀਨ ਭਾਰਤੀ ਸਮਾਜ ਵਰਣ-ਆਸ਼ਰਮ ਦੀ ਦਰਜਾ ਬੰਦੀ ਵਿੱਚੋਂ ਬੰਦੇ ਨੂੰ ਬੰਦੇ ਦੇ ਰੂਪ ਵਿਚ ਵੇਖਣ ਦੀ ਬਜਾਏ ਉਸ ਨੂੰ ਵਰਣ-ਆਸ਼ਰਮ ਦੇ ਡਬੀ ਬੰਦ ਰੂਪ ਵਿਚ

ਨਿਹਾਰਦਾ ਸੀ। ਸਮਾਜਕ ਵਰਤਾਰੇ ਦੇ ਇਸ ਵਾਤਾਵਰਣ ਵਿਚ ਸੇਵਾ ਨੂੰ ਨਿਮਨ ਵਰਗ (ਸ਼ੂਦਰ ਤੇ ਵੈਸ਼) ਦਾ ਫ਼ਰਜ਼ ਸਮਝਿਆ ਜਾਂਦਾ ਸੀ ਕਿ ਉਹ ਕੁਲੀਨ ਵਰਗ ਦੀ ਖ਼ਿਦਮਤ (ਟਹਿਲ) ਕਰੇ। ਗੁਰਮਤਿ ਚਿੰਤਨ ਵਰਣ-ਆਸ਼ਰਮ ਦੀਆਂ ਦੀਵਾਰਾਂ ਤੇ ਦਰਾੜਾਂ ਨੂੰ ਢਹਿ ਢੇਰੀ ਕਰਕੇ ਹਰ ਵਿੱਚੋਂ 'ਹਰਿ' ਨੂੰ ਵੇਖਣ ਦੀ ਸਮਾਨਤਾ ਪੈਦਾ ਕਰਦਾ ਹੈ ਤੇ ਸੇਵਾ ਨੂੰ ਇਸ ਕਦਰ ਵਡਿਆਈ ਬਖਸ਼ਦਾ ਹੈ ਕਿ ਨਿਸ਼ਕਾਮ ਸੇਵਾ ਰਾਹੀਂ 'ਸੇਵਕ', 'ਸੁਆਮੀ' ਬਣ ਸਕਦਾ ਹੈ। ਗੁਰੂ ਘਰ ਨੇ ਇਹ ਗੱਲ ਪ੍ਰਤੱਖ ਕਰ ਵਿਖਾਈ ਕਿ ਜਿਸ ਨੇ ਸੇਵਾ ਕੀਤੀ ਉਹ ਇਕ ਦਿਨ ਅਜਿਹੀ ਪਦਵੀ ਪਾਵੇਗਾ ਕਿ ਦੁਨੀਆ ਉਸਦੀ ਸੇਵਾ ਵਿਚ ਹਾਜ਼ਰ ਹੋਵੇਗੀ।

ਗੁਰੂ-ਘਰ (ਗੁਰਮਤਿ) ਵਿਚ ਚਾਰ ਪ੍ਰਕਾਰ ਦੀ ਸੇਵਾ ਮੰਨੀ ਗਈ ਹੈ। ਪਹਿਲੀ ਹੈ ਤਨ ਦੀ ਸੇਵਾ ਜੋ ਸਰੀਰ ਕਰਕੇ ਕੀਤੀ ਜਾਂਦੀ ਹੈ। ਸੰਗਤ ਦੇ ਜੋੜੇ ਝਾੜਨਾ, ਝਾੜੂ ਰਾਹੀਂ ਸਫ਼ਾਈ ਕਰਨਾ, ਲੰਗਰ ਲਈ ਪਾਣੀ ਢੋਣਾ, ਅੰਨ ਪਕਾਉਣਾ, ਲੰਗਰ ਵਰਤਾਉਣਾ, ਭਾਂਡੇ ਸਾਫ਼ ਕਰਨੇ, ਸੰਗਤ ਨੂੰ ਪੱਖਾ ਝੱਲਣਾ ਆਦਿ। 'ਗੁਰੂ ਕੇ ਲੰਗਰ' ਤੇ 'ਸੰਗਤ' ਰਾਹੀਂ ਇਹ ਸੰਸਥਾਗਤ ਰੂਪ ਧਾਰਨ ਕਰਦੀ ਹੈ। ਇਸ ਵਿੱਚੋਂ ਹੀ ਕਾਰ ਸੇਵਾ ਦੀ ਸੰਸਥਾ ਹੋਂਦ ਵਿਚ ਆਉਂਦੀ ਹੈ। ਇਸ ਨਾਲ ਊਚ-ਨੀਚ, ਜਾਤ-ਪਾਤ ਅਤੇ ਅਮੀਰ-ਗਰੀਬ ਦਾ ਵਿਤਕਰਾ ਦੂਰ ਹੁੰਦਾ ਹੈ। ਦੂਜਾ ਹੱਥੀਂ ਕੰਮ ਕਰਕੇ ਹੰਕਾਰ ਦੂਰ ਹੁੰਦਾ ਹੈ ਤੇ ਨਿਮਰਤਾ ਪੈਦਾ ਹੁੰਦੀ ਹੈ। ਇਸ ਸੇਵਾ ਰਾਹੀਂ ਨਿਜੱਤਵ ਦਾ ਤਿਆਗ ਤੇ ਉਚੇਰੀਆਂ ਕਦਰਾਂ-ਕੀਮਤਾਂ ਦੀ ਸਥਾਪਤੀ ਹੋਈ ਹੈ। ਡਾ. ਜਸਵੰਤ ਸਿੰਘ ਨੇਕੀ ਲਿਖਦੇ ਹਨ :

'ਇਕ ਵੇਲਾ ਸੀ ਜਦ ਹਰ ਗੁਰਸਿੱਖ ਜਦੋਂ ਉਸ ਦੇ ਘਰ ਲੰਗਰ ਤਿਆਰ ਹੁੰਦਾ ਸੀ ਤਾਂ ਹੋਕਾ ਦੇਂਦਾ ਸੀ 'ਗੁਰੂ ਕਾ ਲੰਗਰ ਤਿਆਰ ਹੈ, ਆਓ ਜਿਸ ਨੇ ਅਜੇ ਪ੍ਰਸ਼ਾਦਾ ਨਹੀਂ ਛਕਿਆ, ਗੁਰੂ ਕੇ ਲੰਗਰ ਤੋਂ ਪ੍ਰਸ਼ਾਦਾ ਪ੍ਰਾਪਤ ਕਰ ਲਉ।' ਫਿਰ ਜੇ ਕੋਈ ਪ੍ਰਸ਼ਾਦਾ ਛਕਣ ਆ ਜਾਂਦਾ ਤਾਂ ਉਸ ਦਾ ਧੰਨਵਾਦ ਕੀਤਾ ਜਾਂਦਾ ਸੀ। ਅਰਦਾਸ ਵੀ ਇਉਂ ਕਰਦੇ ਸਨ, 'ਅੰਨ ਪਾਣੀ ਗੁਰੂ ਕਾ, ਟਹਿਲ ਸੇਵਾ ਤੇਰੇ ਸਿੱਖ ਕੀ ਲੇਖੇ ਲੱਗੇ।' ਕੋਈ ਆਪਣਾ ਲੰਗਰ ਨਹੀਂ ਸੀ ਕਹਿੰਦਾ, ਗੁਰੂ ਕਾ ਲੰਗਰ ਕਹਿੰਦਾ ਸੀ ਤੇ ਦਿਲੋਂ ਮਨੋਂ ਪ੍ਰਤੀਤ ਕਰਦਾ ਸੀ ਕਿ ਅੰਨ-ਪਾਣੀ ਤਾਂ ਸਤਿਗੁਰੂ ਦੀ ਦਾਤ ਹੈ, ਆਪਣੀ ਤਾਂ ਟਹਿਲ ਸੇਵਾ ਹੀ ਹੈ।' (**ਗੁਰਮਤਿ ਮਨੋਵਿਗਿਆਨ**, ਪੰਨਾ-162)

ਪੈਸੇ-ਟਕੇ ਰਾਹੀਂ ਕੀਤੀ ਸੇਵਾ ਧਨ ਦੀ ਸੇਵਾ ਹੈ ਜਿਸ ਨਾਲ ਲੋੜਵੰਦਾਂ ਦੀ ਸਹਾਇਤਾ, ਲੰਗਰ ਲਈ ਰਸਦ ਪਾਣੀ ਤੇ ਹੋਰ ਆਰਥਕ ਲੋੜਾਂ ਪੂਰੀਆਂ ਹੁੰਦੀਆਂ ਹਨ। 'ਦਸਵੰਧ' ਦੀ ਸੰਸਥਾ ਇਸ ਵਿੱਚੋਂ ਹੀ ਉਜਾਗਰ ਹੁੰਦੀ ਹੈ। ਗੁਰੂ ਸਾਹਿਬਾਨ ਦਾ ਇਹ ਆਦੇਸ਼ ਸੀ ਕਿ ਪੈਸੇ ਰਾਹੀਂ ਜੇਕਰ ਕਿਸੇ ਲੋੜਵੰਦ ਦੀ ਲੋੜ ਪੂਰੀ ਹੋ ਗਈ ਤਾਂ ਸਮਝੋ ਇਹ ਪੈਸਾ ਗੁਰੂ ਦੀ ਗੋਲਕ ਵਿਚ ਪੈ ਗਿਆ-ਗਰੀਬ ਦਾ ਮੂੰਹ ਗੁਰੂ ਦੀ ਗੋਲਕ। ਅਜੋਕੇ ਸਮੇਂ ਵਿਚ ਜਿਤਨੀਆਂ ਵੀ ਸਭਾ ਸੁਸਾਇਟੀਆਂ, ਲੋਕ ਸੇਵਕ ਜਥੇ, ਪਿੰਗਲਵਾੜੇ, ਚੈਰੀਟੇਬਲ ਹਸਪਤਾਲ ਆਦਿ ਹਨ, ਸਭ ਧਨ ਦੀ ਸੇਵਾ ਰਾਹੀਂ ਇਕੱਤਰ ਹੋਏ ਫੰਡਾਂ ਰਾਹੀਂ ਚਲਦੇ ਹਨ। ਧਨ ਦੀ ਸੇਵਾ ਜੇਕਰ ਵਿਖਾਵੇ ਲਈ ਕੀਤੀ ਜਾਵੇ ਤਾਂ ਇਹ ਚੌਧਰ ਦਾ ਹੰਕਾਰ ਬਣ ਜਾਂਦੀ ਹੈ, ਪਰ ਜੇਕਰ ਗੁਪਤ ਰੂਪ ਵਿਚ ਅਤੇ ਨੇਕ ਕਮਾਈ ਵਿੱਚੋਂ ਕੀਤੀ ਜਾਵੇ ਤਾਂ ਇਹ ਦਰਗਹ ਪ੍ਰਵਾਨ ਹੁੰਦੀ ਹੈ।

ਤਨ ਤੇ ਧਨ ਦੀ ਸੇਵਾ ਤਾਂ ਕੋਈ ਵੀ ਕਰ ਸਕਦਾ ਹੈ, ਪਰ ਅਗਲੇਰੀ ਸੇਵਾ ਜੋ 'ਮਨ ਦੀ ਸੇਵਾ' ਹੈ, ਇਹ ਗੁਰੂ ਕਿਰਪਾ ਤੋਂ ਬਿਨਾਂ ਸੰਭਵ ਨਹੀਂ ਹੈ। ਮਨ ਨੂੰ ਵਾਹਿਗੁਰੂ ਦੇ ਭਾਣੇ ਵਿਚ ਤੋਰਨਾ ਬੜਾ ਕਠਿਨ ਹੈ। ਮਨ ਵਿਕਾਰਾਂ, ਚਾਹਤਾਂ ਤੇ ਤ੍ਰਿਸ਼ਨਾਵਾਂ ਦੀ ਜਕੜ ਵਿਚ ਦੌੜਿਆ ਫਿਰਦਾ ਹੈ ਪਰਮਾਰਥ ਦੇ ਰਸਤੇ ਤੇ ਚੱਲਣ ਲਈ ਇਸ ਦੇ ਸੰਪੂਰਨ ਸਮਰਪਣ ਦੀ ਲੋੜ ਹੈ। ਮਨ ਦੀ ਸੇਵਾ ਦੇ ਦੋ ਪੱਖ ਹਨ : ਇਕ ਤਾਂ ਤਨ ਤੇ ਧਨ ਰਾਹੀਂ ਕੀਤੀ ਜਾਣ ਵਾਲੀ ਸੇਵਾ ਮਨ ਲਗਾ ਕੇ ਕਰਨੀ ਹੈ, ਦੂਜਾ ਇਸ ਸੇਵਾ ਰਾਹੀਂ ਜ਼ਿੰਦਗੀ ਵਿਚ ਸਹਿਜ, ਸਬਰ, ਸੰਤੋਖ, ਭਰੋਸੇ ਦੇ ਦੈਵੀ ਗੁਣ ਪੈਦਾ ਕਰਨੇ ਹਨ। ਜਦ ਧਾਵਤ ਮਨ ਥਿਰ ਹੋ ਗਿਆ ਤਾਂ ਪਰਮਾਰਥ ਦੇ ਸਾਰੇ ਕਾਰਜ ਰਾਸ ਆ ਜਾਂਦੇ ਹਨ ਤੇ ਇਹ ਸਮਰਪਣ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ :

**ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥**

(ਅੰਗ ੨੮੬)

ਸਮਰਪਣ ਦਾ ਇਹ ਅਮਲ ਖ਼ੁਦੀ (ਹਉਮੈ) ਨੂੰ ਮਿਟਾਉਂਦਾ ਹੈ ਤੇ ਖ਼ੁਦਾ ਨੂੰ ਵੇਖਣ ਲਈ ਅੱਖ ਵਿੱਚੋਂ ਭ੍ਰਮ ਦਾ ਕੱਖ ਕੱਢਣਾ ਹੈ :

**ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥**
**ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ॥**

(ਅੰਗ ੨੬੦)

ਮਨ ਦੀ ਸੇਵਾ ਪਹਿਲੀਆਂ ਸੇਵਾਵਾਂ (ਤਨ ਤੇ ਧਨ ਦੀ ਸੇਵਾ) ਨਾਲੋਂ ਸੂਖ਼ਮ ਵੀ ਹੈ ਤੇ ਗਾਖੜੀ ਵੀ। ਇਸ ਨਾਲ ਸੇਵਕ ਦਾ ਵਿਅਕਤਿਤਵ ਦੋ ਨਜ਼ਰੀਏ ਤੋਂ ਸਮਰਿਧ ਹੁੰਦਾ ਹੈ : ਪਹਿਲਾ ਇਹ ਕਿ ਮਨ ਜੋ ਲੱਜਤਾਂ ਦਾ ਆਸ਼ਕ ਹੈ, ਇਸ ਦੀ ਰੂਪਾਂਤਰਕਾਰੀ 'ਇਨਮਨ' ਤੋਂ 'ਓਨਮਨ' ਵਿਚ ਹੋ ਜਾਂਦੀ ਹੈ। ਇਹ ਮੈਲੇ ਮਨ ਦੀ ਨਿਰਮਲ ਹੋਣ ਦੀ ਕਿਰਿਆ ਹੈ। ਦੂਜਾ ਮਨ ਵਿਚ ਗੁਰੂ ਤੇ ਵਾਹਿਗੁਰੂ ਪ੍ਰਤੀ ਅਨੁਰਾਗ ਪੈਦਾ ਹੁੰਦਾ ਹੈ ਤੇ ਉਹ ਮਹਿਸੂਸ ਕਰਨ ਲੱਗ ਪੈਂਦਾ ਹੈ ਕਿ **ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ॥** ਜਦ ਮਨ ਵਿਚ ਵਾਹਿਗੁਰੂ ਪ੍ਰਤੀ ਪ੍ਰੇਮ ਉਜਾਗਰ ਹੋ ਗਿਆ ਤਾਂ ਇਹ **ਧਾਵਤੁ ਰਾਖੈ ਠਾਕਿ ਰਹਾਏ॥ ਸਚਾ ਨਾਮੁ ਮੰਨਿ ਵਸਾਏ॥** (ਅੰਗ ੧੩੪੨) ਰਾਹੀਂ ਟਿਕ ਜਾਂਦਾ ਹੈ। ਇਕਾਗਰ ਤੇ ਸਥਿਰ ਹੋਏ ਮਨ ਦੀ ਇਸ ਅਵਸਥਾ ਨੂੰ ਹੀ 'ਲਿਵ-ਲੀਨ' ਹੋਣਾ ਕਿਹਾ ਜਾਂਦਾ ਹੈ। ਮਨ ਦੀਆਂ ਭੁੱਖਾਂ ਵੀ ਇਸ ਦੇ ਟਿਕਾਓ ਵਿਚ ਹੀ ਮਿਟਦੀਆਂ ਹਨ:

**ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ॥**
**ਗੁਰ ਸਬਦੀ ਹਰਿ ਮਨਿ ਵਸੈ ਮਾਇਆ ਕੀ ਭੁਖ ਜਾਇ॥**

(ਅੰਗ ੧੪੧੩)

ਕਠੋਰ ਮਨ ਕਦੇ ਵੀ ਸੇਵਾ ਵਿਚ ਨਹੀਂ ਲੱਗ ਸਕਦਾ। ਮਨ ਦੀ ਕਠੋਰਤਾ ਹਉਮੈ ਹੈ ਤੇ ਹਉਮੈ ਹਮੇਸ਼ਾ ਅਗਿਆਨਤਾ ਦੇ ਅੰਧ ਵਿੱਚੋਂ ਪੈਦਾ ਹੋਣ ਕਰਕੇ ਪ੍ਰਭੂ ਮਿਲਾਪ ਲਈ ਦੀਵਾਰ ਬਣ ਕੇ ਖੜੀ ਹੋ ਜਾਂਦੀ ਹੈ। ਇਸ ਦੀਵਾਰ ਨੂੰ ਤੋੜਨਾ ਮਨ ਨੂੰ ਸ਼ਬਦ ਰਾਹੀਂ ਸੂਖ਼ਮ ਕਰਨਾ ਹੈ ਤੇ ਇਹ ਜਾਗੀ ਹੋਈ ਸੁਰਤਿ ਰਾਹੀਂ ਹੀ ਸੰਭਵ ਹੈ। ਇਸੇ ਨੂੰ ਡਾ. ਬਲਕਾਰ ਸਿੰਘ ਸੁਰਤਿ ਨੂੰ ਸੇਵਾ ਵਿਚ ਲਾਉਣਾ ਕਹਿੰਦਾ ਹੈ ਕਿਉਂਕਿ ਸੇਵਾਂ ਤੇ ਸੁਰਤਿ ਦੀ ਇਕਾਗਰਤਾ ਨਾਲ ਹਉਮੈ ਖ਼ਤਮ

ਹੋ ਜਾਂਦੀ ਹੈ। ਗੁਰਮਤਿ ਵਿਚ ਇਸੇ ਨੂੰ ਮਨ ਇੰਦਰੀਆਂ ਨੂੰ ਰੋਕਣ ਵਾਲੇ ਜਪੁ, ਤਪੁ, ਸੰਜਮੁ ਮੰਨਿਆ ਹੋਇਆ ਹੈ। ਸੇਵਾ ਸ਼ਬਦ ਦੇ ਸੁਣਨ ਨਾਲ ਪ੍ਰਾਪਤ ਹੋਣ ਵਾਲੀ ਜੀਵਨ-ਮੁਕਤੀ ਹੈ, ਜਿਸ ਨੂੰ ਸੱਚੀ ਰਹਿਤ ਅਤੇ ਸੱਚਾ ਸੁਖ ਆਖਿਆ ਗਿਆ ਹੈ :

**ਸੇਵਾ ਸੁਰਤਿ ਸਬਦਿ ਵੀਚਾਰਿ॥ ਜਪੁ ਤਪੁ ਸੰਜਮੁ ਹਉਮੈ ਮਾਰਿ॥**
**ਜੀਵਨ ਮੁਕਤੁ ਜਾ ਸਬਦੁ ਸੁਣਾਏ॥ ਸਚੀ ਰਹਤ ਸਚਾ ਸੁਖੁ ਪਾਇ॥**
(ਅੰਗ ੧੩੪੩)

ਸੇਵਾ ਦਾ ਇਹ ਸੰਦਰਭ ਗੁਰਮਤਿ ਵਿਚ 'ਸੇਵਾ ਸੁਰਤ' ਦੀ ਅਨੁਭਵਤਾ ਹੈ। ਸੁਰਤਿ ਨੂੰ ਜੇਕਰ ਪਰਿਭਾਸ਼ਤ ਕਰਨਾ ਹੋਵੇ ਤਾਂ ਇਹ ਬਿਰਤੀ ਦੀ ਇਕਾਗਰਤਾ ਤੇ ਆਤਮ ਸਰੂਪ ਦੀ ਲਿਵ-ਲੀਨਤਾ ਹੈ। **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ** ਵਿਚ ਇਸ ਨੂੰ ਆਤਮਿਕ ਲਗਨ ਅਤੇ ਅਚਾਰੀਆ ਹਜ਼ਾਰੀ ਪ੍ਰਸਾਦ ਦ੍ਵਿਵੇਦੀ 'ਅੰਤਰਮੁਖੀ ਬਿਰਤੀ' ਕਹਿੰਦੇ ਹਨ। ਇਸੇ ਕਰਕੇ ਇਸ ਨੂੰ 'ਧਿਆਨ' ਵੀ ਕਹਿ ਦਿੱਤਾ ਜਾਂਦਾ ਹੈ। ਅਧਿਆਤਮਕ ਸ਼ਬਦਾਵਲੀ ਵਿਚ ਨਿਰਤ ਤੇ ਸੁਰਤ ਆਤਮਾ ਦੀਆਂ ਦੋ ਅੰਦਰੂਨੀ ਸ਼ਕਤੀਆਂ ਹਨ। ਨਿਰਤ ਵੇਖਦੀ ਹੈ ਤੇ ਸੁਰਤਿ ਸੁਣਦੀ ਹੈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਵੇਖਣਾ ਕੀ ਹੈ ਤੇ ਸੁਣਨਾ ਕੀ ਹੈ? ਸ਼ਬਦ ਦੇ ਆਤਮ ਪ੍ਰਕਾਸ ਦੀ ਅਨੁਭਵਤਾ ਵੇਖਣਾ ਹੈ ਤੇ ਸ਼ਬਦ ਧੁਨੀ ਦੀ ਅਨੁਭਵਤਾ ਸੁਣਨਾ ਹੈ। ਇਹ ਦੋਵੇਂ ਕੰਮ ਮਾਨਵੀ ਜਤਨ ਰਾਹੀਂ ਸੰਭਵ ਨਹੀਂ ਹੋ ਸਕਦੇ ਤੇ ਇਸ ਲਈ ਵਾਹਿਗੁਰੂ ਦੀ ਬਖ਼ਸ਼ਿਸ਼ ਕੰਮ ਕਰਦੀ ਹੈ। ਇਸੇ ਕਰਕੇ ਪੰਚਮ ਪਾਤਿਸ਼ਾਹ ਬੇਨਤੀ ਰੂਪ ਵਿਚ ਆਦੇਸ਼ ਕਰਦੇ ਹਨ :

**ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ॥**
**ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ॥**
(ਅੰਗ ੨੧੮)

**ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ॥**
(ਅੰਗ ੧੦੭੮)

ਸੇਵਾ ਸੁਰਤਿ ਕਿਧਰੇ ਵੀ ਬਾਹਰਮੁਖੀ ਉਪਾਸਨਾ ਨਹੀਂ ਹੈ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਜੋ ਪੱਥਰ ਦੀਆਂ ਮੂਰਤੀਆਂ ਨੂੰ ਦੇਵ ਸਮਝ ਕੇ ਉਪਾਸਨਾ ਵਿਚ ਲੱਗੇ ਹੋਏ ਹਨ, ਉਹ ਫੋਕਟ ਕਰਮ ਤੇ ਨਿਹਫਲ ਸੇਵ ਵਿਚ ਵਕਤ ਬਰਬਾਦ ਕਰ ਰਹੇ ਹਨ। 'ਸੇਵਾ ਸੁਰਤਿ ਏਕ ਲਿਵ ਲਾਇ' ਦੀ ਇਕਾਗਰਤਾ ਹੈ ਤੇ ਇਹ ਇਕਾਗਰਤਾ ਪ੍ਰਭੂ ਭਾਣੇ ਵਿਚ ਹੀ ਸੰਭਵ ਹੈ :

**ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ॥**
**ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ॥**
(ਅੰਗ 88)

ਤਨ, ਮਨ ਤੇ ਧਨ ਦੀ ਸੇਵਾ ਜਿਹਨਾਂ ਦਾ ਜ਼ਿਕਰ ਆਰੰਭ ਵਿਚ ਕੀਤਾ ਹੈ, ਸੁਰਤਿ ਦੀ ਸੇਵਾ ਲਈ ਭੂਮੀ ਤਿਆਰ ਕਰਦੀਆਂ ਹਨ ਕਿਉਂਕਿ ਇਹਨਾਂ ਰਾਹੀਂ ਸੇਵਕ ਨਿਮਰ, ਨਿਰਮਲ ਤੇ ਨਿਸ਼ਕਾਮ ਹੁੰਦਾ ਹੈ। ਇਹ ਸੇਵਾ ਸੁਰਤਿ ਦੇ ਸਾਧਨ ਹਨ ਪਰ ਸੇਵਾ ਦਾ ਅੰਤਿਮ ਲਕਸ਼ 'ਸੇਵਾ ਸੁਰਤਿ ਏਕ ਲਿਵ ਲਾਇ' ਦੀ ਪ੍ਰਾਪਤੀ ਹੈ। ਇਸੇ ਨੂੰ ਸੱਚੀ ਭਗਤੀ ਵੀ ਕਿਹਾ ਜਾ ਸਕਦਾ ਹੈ। ਗੁਰਮਤਿ ਵਿਚ ਭਗਤੀ ਦਾ ਕੇਂਦਰ ਬਿੰਦੂ ਨਾਮ ਹੈ ਤੇ ਇਸ ਦੀ ਪ੍ਰਾਪਤੀ ਸਤਿਗੁਰੂ ਦੀ ਸੇਵਾ ਹੈ। ਭਾਈ ਰਣਧੀਰ ਸਿੰਘ ਜੀ ਗੁਰਬਾਣੀ ਦੇ ਹਵਾਲੇ ਨਾਲ ਹੀ ਕਹਿੰਦੇ ਹਨ- 'ਜਿਨ੍ਹਾਂ ਨੇ ਸਤਿਗੁਰੂ ਨੂੰ ਪਰਮੇਸ਼ਰ ਰੂਪ ਜਾਣ ਕੇ ਸੇਵਿਆ ਹੈ, ਅਰਾਧਿਆ ਹੈ, ਤਿਨ੍ਹਾਂ ਨੂੰ ਸਤਿਗੁਰੂ ਨੇ ਜਨਮ ਮਰਨ ਨਿਵਾਰਣਹਾਰਾ ਅੰਮ੍ਰਿਤ ਨਾਮ ਪੀਆਲਿਆ ਹੈ, ਜਿਸ ਭੈ-ਭੰਜਨ-ਨਾਮ ਦੇ ਸਿਮਰਨ ਕਰਿ ਸੱਭੋ ਦੁਖ ਲਥ (ਲਹਿ) ਜਾਂਦੇ ਹਨ।' ਨਾਮ ਕੋਈ ਤੋਤਾ ਰਟਨੀ ਨਹੀਂ, ਇਹ ਦਾਤ ਹੈ ਜੋ ਗੁਰੂ ਭਾਣੇ ਵਿਚ **ਸਤਿਗੁਰੁ ਸੇਵੇ ਤਾ ਨਾਮੁ ਲਹੈ** (ਅੰਗ 1262) ਰਾਹੀਂ ਪ੍ਰਾਪਤ ਹੋਣੀ ਹੈ। ਤਨ, ਮਨ ਤੇ ਧਨ ਦੀ ਸੇਵਾ ਬਾਹਰਮੁਖੀ ਰੂਪ ਵਿਚ ਸਤਿਗੁਰੂ ਨਾਲ ਭਾਵਨਾਤਮਕ ਸਾਂਝ ਪੈਦਾ ਕਰਦੀ ਹੈ ਪਰ 'ਸੇਵਾ ਸੁਰਤਿ' ਅੰਦਰੂਨੀ ਸੇਵਾ ਹੈ ਜੋ ਸਤਿਗੁਰੂ ਦੇ ਭਾਣੇ ਅਨੁਸਾਰ ਚਲਣ ਦੀ 'ਉਭੀ ਸੇਵ ਕਰੇਇ' ਦੀ ਭਗਤੀ ਭਾਵਨਾ ਅਤੇ ਪ੍ਰਸਾਦਿ ਗੁਣ ਹੈ। ਸਤਿਗੁਰੂ ਦੀ ਜਦ ਮਿਹਰ ਹੁੰਦੀ ਹੈ ਤਾਂ ਹੀ ਸੁਰਤਿ ਵਾਹਿਗੁਰੂ ਦੇ ਚਰਨਾਂ ਵਿਚ ਜੁੜਦੀ ਹੈ। ਇਹ ਸੇਵਾ ਪ੍ਰਸਾਦਿ ਗੁਣ ਹੋਣ ਕਰਕੇ ਵਿਰਲੇ ਜੀਵਾਂ ਨੂੰ ਹੀ ਨਸੀਬ ਹੁੰਦੀ ਹੈ। ਗੁਰਬਾਣੀ ਵਿਚ ਅਨੇਕਾਂ ਹਵਾਲੇ ਆਉਂਦੇ ਹਨ ਜੋ ਇਸ ਪ੍ਰਸਾਦਿ ਗੁਣ ਨੂੰ ਉਜਾਗਰ ਕਰਦੇ ਹਨ :

**ਗੁਰ ਹਿਵ ਸੀਤਲੁ ਅਗਨਿ ਬੁਝਾਵੈ॥**
**ਸੇਵਾ ਸੁਰਤਿ ਬਿਭੂਤ ਚੜਾਵੈ॥** (ਅੰਗ ੪੧੧)

**ਕਰਮੁ ਹੋਵੈ ਸਤਿਗੁਰੂ ਮਿਲਾਏ॥**
**ਸੇਵਾ ਸੁਰਤਿ ਸਬਦਿ ਚਿਤੁ ਲਾਏ॥** (ਅੰਗ ੧੦੯)

**ਭਾਈ ਰੇ ਦਾਸਨਿ ਦਾਸਾ ਹੋਇ॥**
**ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ॥** (ਅੰਗ ੬੬)

ਸੋ ਆਪਣੀ ਮਤ ਤਿਆਗ ਕੇ ਗੁਰੂ ਦੀ ਮਤਿ ਪ੍ਰਾਪਤ ਕਰਨਾ ਹੀ 'ਗੁਰ ਕੀ ਸੇਵਾ ਸਬਦੁ ਵੀਚਾਰ' ਦਾ ਰਹੱਸ ਹੈ। ਸ਼ਬਦ ਦੇ ਵੀਚਾਰ ਰਾਹੀਂ ਕੀਤੀ ਸੇਵਾ 'ਸੇਵਕ' ਨੂੰ ਅਧਿਆਤਮਕ ਸਾਧਨਾ ਦੇ ਸਿਖਰ ਤੇ ਪਹੁੰਚਾ ਦੇਂਦੀ ਹੈ ਤੇ 'ਹਰਿ ਕਾ ਸੇਵਕੁ ਸੋ ਹਰਿ ਜੇਹਾ' ਹੋ ਨਿਬੜਦਾ ਹੈ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਸਿੱਖ ਧਰਮ ਵਿਚ 'ਸੇਵਾ' ਪ੍ਰਭੂ ਮਿਲਾਪ ਦੀ ਸਾਧਨਾ ਹੈ। ਉਪਰੋਕਤ ਬਿਆਨ ਵਿੱਚੋਂ ਇਹ ਗੱਲ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਸੇਵਾ ਦੀਆਂ ਚਾਰੇ ਪਰਤਾਂ ਅਧਿਆਤਮਕ ਪ੍ਰਾਪਤੀ ਦੇ ਪੱਧਰ ਹਨ। ਸੁਰਤਿ ਦੀ ਸੇਵਾ ਇਹਨਾਂ ਵਿਚ ਅੰਤਿਮ 'ਤੇ ਸਭ ਤੋਂ ਸੂਖ਼ਮ ਪੜਾਅ ਹੈ ਜਿਥੇ ਪਹੁੰਚ ਕੇ ਸੇਵਕ ਦੇ ਵਿਅਕਤਿਤਵ ਵਿੱਚੋਂ ਭਾਈ ਕਨ੍ਹਈਆ ਜੀ ਵਾਂਗ ਗੁਰੂ ਤੋਂ ਬਿਨਾਂ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ। **ਸੇਵਾ ਸੁਰਤਿ ਸਬਦਿ ਵਿਚਾਰਿ** ਦਾ ਗੁਰਮਤਿ ਪ੍ਰਸੰਗ ਹਉਮੈ ਨੂੰ ਮਾਰਨ ਤੇ ਭਾਣੇ ਵਿਚ ਰਹਿਣ ਦੀ ਜੀਵਨ-ਜਾਚ ਹੈ। ਹਉਮੈ ਵਿਚ ਕੀਤਾ ਪਰਮਾਰਥ ਤੇ ਲੋਕ ਭਲਾਈ ਦਾ ਕੋਈ ਕਾਰਜ ਵੀ ਸੇਵਾ ਨਹੀਂ ਬਣਦਾ ਤੇ ਹੁਕਮ ਵਿਚ ਕੀਤਾ ਰਾਜ ਵੀ ਸੇਵਾ ਹੋ ਨਿਬੜਦਾ ਹੈ। ਸਾਰੀ ਵਿਚਾਰ ਇਸ ਗੱਲ ਨੂੰ ਸਾਹਮਣੇ ਲਿਆਉਂਦੀ ਕਿ ਸੇਵਾ ਸੁਰਤਿ ਸੰਪੂਰਨ ਰੂਪ ਵਿਚ ਨਿੱਜਤਵ ਦਾ ਤਿਆਗ ਕਰਕੇ ਸ਼ਬਦ ਵਿਚ ਅਭੇਦ ਹੋਣ ਦੀ ਅਧਿਆਤਮਕ ਸਾਧਨਾ ਹੈ।


ਧੰਨਵਾਦ ਸਹਿਤ : **ਗੁਰਮਤਿ ਚਿੰਤਨ ਚੇਤਨਾ** 'ਚੋਂ

❖ ❖ ❖ ❖

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਪਤਿਤ ਪਵਿੱਤ੍ਰ

(ਕੰਮੀ ਬਾਬਤ ਵਿਚਾਰ)




4.

ਸੰਤਾਂ ਦੀ ਕਥਾ ਦਾ ਅਸਰ ਬੜਾ ਪਿਆ। ਕਹਿਣੀ ਕਥਨੀ ਦੇ ਸੂਰਿਆਂ ਦੇ ਵਾਹੇ ਬਾਣ ਖਾਲੀ ਨਹੀਂ ਜਾਇਆ ਕਰਦੇ। ਬਹੁਤ ਸਾਰੇ ਗੱਭਰੂ, ਕਈ ਬੁੱਢੇ ਤੇ ਕਈ ਮਾਈਆਂ ਅੰਮ੍ਰਿਤ ਛਕਣ ਲਈ ਤਿਆਰ ਹੋ ਪਏ ਸਨ। ਪਰ ਇਨ੍ਹਾਂ ਅੰਮ੍ਰਿਤ ਅਭਿਲਾਖੀਆਂ ਵਿਚ ਚੱਕ ਦੇ ਕੁਛ ਉਹ ਲੋਕ ਵੀ ਸਨ ਜਿਨ੍ਹਾਂ ਨੂੰ ਜ਼ਿਮੀਂਦਾਰ 'ਕੰਮੀ' ਕਹਿ ਲਿਆ ਕਰਦੇ ਹਨ। ਕੰਮ ਕਰਾਉਣ ਵਾਲੇ ਨੂੰ ਕਾਮਾ ਤੇ ਕੰਮੀ ਕਹਿ ਲਿਆ ਜਾਵੇ ਤਾਂ ਡਰ ਨਹੀਂ, ਕਿਉਂਕਿ ਜੋ ਕੰਮ ਵਿਚ ਰੁੱਝੇ ਸੋ ਕੰਮੀ, ਪਰ ਹੁਣ ਕੰਮੀ ਦੇ ਅਰਥ ਵਿਚ ਨੀਵਾਂਪਨ ਤੇ ਅਛੂਤਪਨ ਦਾ ਭਾਵ ਲੋਕਾਂ ਨੇ ਰਲਾ ਲਿਆ ਹੈ, ਮਾਨੋ ਕੰਮੀ ਦਾ ਅਰਥ ਕਮੀਨਾ=ਹੀਣਤਾ ਵਾਲਾ ਹੈ। ਇਸ ਕਰਕੇ ਕਈ ਜ਼ਿਮੀਂਦਾਰ ਕਹਿ ਰਹੇ ਸਨ ਕਿ ਇਨ੍ਹਾਂ ਕੰਮੀਆਂ ਨੂੰ ਸੰਤ ਅੰਮ੍ਰਿਤ ਨਾ ਛਕਾਉਣ। ਸੰਤਾਂ ਤਕ ਇਹ ਗਲ ਅਪਣਾਉਣ ਤੋਂ ਸਾਰੇ ਸੰਕੋਚ ਕਰਦੇ ਸਨ ਪਰ ਆਪੋ ਵਿਚ ਵੀਚਾਰ ਬਹਿਸ ਤੇ ਖਿੱਚੋਤਾਣ ਲਗੀ ਰਹਿੰਦੀ ਸੀ। ਹੁੰਦੇ ਹੁੰਦੇ ਇਹ ਖਿਚਾ-ਖਿਚੀ ਚੋਖੀ ਵਧ ਗਈ ਤੇ ਪਿੰਡ ਵਿਚ ਦੋ ਧੜੇ ਹੋ ਗਏ। ਵਿਚ ਵਿਚ ਕੁਛ ਉੱਚੇ ਜਾਤੀਆਂ ਤੇ ਜਾਤੀ ਅਭਿਮਾਨ ਵਾਲੇ ਲੋਕ ਵੀ ਸਨ ਤੇ ਗੁਰਦੁਆਰੇ ਵਿਚ ਚੰਗੇ ਪੜ੍ਹੇ ਹੋਏ ਸਾਧੂ ਵੀ ਠਹਿਰੇ ਹੋਏ ਸਨ, ਇਨ੍ਹਾਂ ਦੇ ਵੀ ਇਸ ਝੇੜੇ ਵਿਚ ਹਿੱਸਾ ਲੈਣ ਕਰਕੇ ਖਿਚਾ ਖਿਚੀ ਹੋਰ ਵੱਧ ਗਈ। ਜਾਤੀ ਅਭਿਮਾਨ ਵਾਲੇ ਤਾਂ ਅਭਿਮਾਨ ਕਰਕੇ ਝਗੜਦੇ ਤੇ ਜ਼ਿਦ ਬੰਨ੍ਹਦੇ ਸੀ ਤੇ ਸਾਧੂ ਸ਼ਾਸਤ੍ਰਾਂ ਦੇ ਵਿਚ ਵਰਣਾਸ਼੍ਰਮ ਦੇ ਅਸੂਲ ਦੇ ਜਾਣੂ ਹੋਣ ਕਰਕੇ ਆਪਣੀ ਵਿਦ੍ਵਤਾ ਤੇ ਵਾਕਫੀ ਦੇ ਬਲ ਕਰਕੇ ਦ੍ਰਿਸ਼ਟਾਂਤ ਪ੍ਰਮਾਣ ਦੇਂਦੇ ਸੀ ਤੇ ਆਪਣੇ ਪੱਖ ਨੂੰ ਦਰੁਸਤ ਸਮਝਦੇ ਸੇ। ਉਂਞ ਸੇ ਇਹ ਸਾਧੂ ਜੀ ਵੀ ਗੁਰੂ ਘਰ ਦੇ ਉਪਾਸ਼ਕ। ਹੁਣ ਜਦ ਖਿੱਚੋਤਾਣ ਵਧ ਟੁਰੀ ਤੇ ਲੜਾਈ ਦਾ ਭੈ ਹੋ ਗਿਆ ਤਾਂ ਇਕ ਸਾਧੂ ਨੇ ਕਿਹਾ, ਭਾਈ ਤੁਸਾਂ ਨੇ ਛਕਣਾਂ ਹੈ ਅੰਮ੍ਰਿਤ, ਅੰਮ੍ਰਿਤ ਹੈ ਗੁਰੂ ਸੱਚੇ ਪਾਤਸ਼ਾਹ ਦਸਮੇਸ਼ ਪਿਤਾ ਦਾ ਚਲਾਇਆ 'ਦੀਖ੍ਯਾ ਸੰਸਕਾਰ, ਇਸਦੀ ਪ੍ਰਾਪਤੀ ਠੰਢ, ਪਿਆਰ, ਸ਼੍ਰਧਾ ਤੇ ਸਤੋਗੁਣ ਵਿਚ ਹੋਣੀ ਚਾਹ੍ਯੇ, ਕਿਉਂਕਿ ਜਿਸ ਕਾਰਜ ਵਿਚ ਤਮੋਗੁਣੀ ਵਰਤੋਂ ਆ ਜਾਵੇ ਉਸ ਵਿਚ ਪਰਮਾਰਥ ਲਾਭ ਨਹੀਂ ਹੁੰਦਾ। ਸਾਧੂ ਦਾ ਇਹ ਉਪਦੇਸ਼, ਜੋ ਵਿਸਥਾਰ ਨਾਲ ਕੀਤਾ ਗਿਆ ਸੀ ਕਾਟ ਕਰ ਗਿਆ। ਸਿਆਣਿਆਂ ਨੇ ਕਿਹਾ ਕਿ ਆਪ ਨੇ ਸੱਚ ਕਿਹਾ ਹੈ, ਪਰ ਦੁਇ ਖ੍ਯਾਲ ਹਠ ਨੂੰ ਪੁੱਜ ਗਏ ਹਨ, ਦਾਰੂ ਕੀ ਕੀਤਾ ਜਾਵੇ? ਸਾਧੂ ਜੀ ਨੇ ਆਖਿਆ, ਤੁਸਾਂ ਸਾਰਿਆਂ ਦੀ ਸੰਤ ਬਿਮਲਾ ਸਿੰਘ ਜੀ ਪਰ ਸ਼੍ਰਧਾ ਹੈ, ਓਹ ਕਰਣੀ ਕਹਿਣੀ ਦੇ ਸੂਰੇ ਹਨ, ਤ੍ਯਾਗ ਵਿਚ ਪੂਰੇ ਤੇ ਵਿਦ੍ਯਾ ਵਿਚ ਨਿਪੁੰਨ ਹਨ, ਉਨ੍ਹਾਂ ਪਾਸ ਸਾਰੀ ਗੱਲ ਦਾ ਚੱਲ ਵਰਣਨ ਕਰੋ ਜੋ ਓਹ ਹੁਕਮ ਕਰ ਦੇਣ ਸਾਰੇ ਮੰਨ ਲਓ।

ਸੀਤਾ ਰਾਮ ਬੋਲਿਆ- ਜੀਓ ਜੀ, ਉਨ੍ਹਾਂ ਨੇ ਸਾਡੇ ਸਿੱਧਾਂਤ ਦੇ ਉਲਟ ਆਖਿਆ ਤਾਂ ਵੀ ਅਸੀਂ ਮੰਨ ਜਾਈਏ?

ਸਾਧੂ- ਜੇ ਓਹ ਜੋ ਕੁਛ ਕਹਿ ਦੇਣ ਸੋ ਤੁਸੀਂ ਮੰਨ ਲਓ ਤਾਂ ਤਾਂ ਤੁਸਾਂ ਦੀ ਉਨ੍ਹਾਂ ਪਰ ਸ਼੍ਰਧਾ ਹੈ, ਨਹੀਂ ਤਾਂ ਤੁਸੀਂ ਮਨਮਤੀਏ ਹੋ।

ਸੀਤਾ ਰਾਮ- ਅਕਲ ਦੀ ਗਲ ਕਰਨੀ ਮਨਮਤਿ ਹੁੰਦੀ ਹੈ?

ਸਾਧੂ- ਜਿਥੋਂ ਤਾਂਈਂ ਬੁੱਧੀ ਦਾ ਪ੍ਰਜਾਲਾ ਹੈ, ਉਥੋਂ ਤਾਂਈ ਬੁੱਧੀ ਵਰਤੀਦੀ ਹੈ, ਇਸ ਨੇ ਨਿਸਚੇ ਦੇ ਘਰ ਵਲ ਲੈ ਜਾਣਾ ਹੈ, ਪਰ ਭਾਈ ਸਾਡੀ ਸਮਝ ਹੀ (ਸਰਬੱਗ੍ਯ) ਯਾ 'ਦਾਨਾ ਕੁਲ' ਨਹੀਂ ਹੈ, ਇਹ ਸਾਰੇ ਕੁਛ ਨੂੰ ਨਹੀਂ ਜਾਣ ਸਕਦੀ। ਦੂਸਰੇ ਹਰੇਕ ਦੀ ਅਕਲ ਇਕ ਦਰਜੇ ਤੇ ਨਹੀਂ ਹੈ, ਅਪਨੇ ਤੋਂ ਦਾਨੇ ਦੀ ਗਲ ਸਤਿਕਾਰ ਨਾਲ ਮੰਨ ਲਈਦੀ ਹੈ। ਆਤਮ ਦੇਸ ਦੇ ਗ੍ਯਾਤਾ ਪੁਰਖਾਂ ਦੀਆਂ ਅਨੁਭਵੀ ਗਲਾਂ ਪਰ ਵੀ ਸਾਡੀ ਹਦਬੰਦੀ ਵਾਲੀ ਸਮਝ ਹਾਵੀ ਨਹੀਂ ਹੋ ਸਕਦੀ। ਜਦ ਤੁਸੀਂ ਨਿਸਚੇ ਕਰ ਚੁਕੇ ਹੋ ਕਿ ਸੰਤ ਸੱਚ ਦੇ ਦਰਜੇ ਤੇ ਟਿਕੇ ਹੋਏ ਹਨ, ਸੰਤ ਨਿਰਲੋਭ ਹਨ, ਪੱਖਪਾਤ ਤੋਂ ਰਹਿਤ ਹਨ, ਗੁਰਮਤ ਦੇ ਗ੍ਯਾਤਾਵਾਨ ਹਨ; ਫੇਰ ਜੋ ਫੈਸਲਾ ਓਹ ਕਰਣ, ਮੰਨਣਾ ਸਾਡਾ ਧਰਮ ਹੈ। ਆਖਰ ਅਦਾਲਤਾਂ ਦੇ ਫੈਸਲੇ ਵੀ ਮੰਨੀਂਦੇ ਹੀ ਹਨ ਨਾ। ਇਸ ਕਰਕੇ ਕਿ ਓਥੇ ਪੇਸ਼ ਨਹੀਂ ਜਾਂਦੀ? ਇਹੋ ਗੱਲ ਹੋਈ ਨਾ। ਫੇਰ ਵੀਚਾਰ ਤੇ ਪਿਆਰ ਦੇ ਫੈਸਲੇ ਕਿਉਂ ਨਾ ਮੰਨੇ ਜਾਣ। ਫੇਰ ਓਹ ਸੰਤ ਅਨਪੜ੍ਹ ਨਹੀਂ ਹਨ, ਹਠੀ ਨਹੀਂ ਹਨ, ਤੁਸਾਡੀ ਸੁਣਨਗੇ ਆਪਣੀ ਦੱਸਣਗੇ। ਜੇ ਤਾਂ ਕਰੋਗੇ ਵਿਤੰਡਾਵਾਦ ਤਾਂ ਉਹ ਚੁਪ ਕਰ ਜਾਣਗੇ, ਪਰ ਜੇ ਵੀਚਾਰ ਕਰੋਗੇ ਤਾਂ ਓਹ ਬੜੀ ਸੁਹਣੀ ਵੀਚਾਰ ਕਰਨਗੇ ਤੇ ਸਭਨਾ ਦੇ ਕਪਾਟ ਖੁਹਲ ਦੇਣਗੇ।

ਸੀਤਾ ਰਾਮ- ਤੁਸਾਂ ਠੀਕ ਕਿਹਾ ਹੈ।

ਘੁੱਲੂ ਸਿੰਘ- ਸਾਧ ਰਾਮ ਯਾਰਾ! ਤੂੰ ਗਲ ਚਾਲੀ ਸੇਰੀ ਕੀਤੀਏ, ਸੰਤ ਤਾਂ ਜੇ ਮੈਨੂੰ ਕਹਿ ਦੇਣਗੇ ਨਾ ਤੂੰ ਮਹਰਿਆਂ ਦੇ ਘਰ ਪਾਣੀ ਭਰ ਤਾਂ ਮੈਂ ਗਾਗਰ ਮੋਢੇ ਚਾਕੇ ਟੁਰ ਪਵਾਂਗਾ। ਜੇ ਓਹ ਆਖਣ ਕਿ ਤੂੰ ਕੰਮੀਆਂ ਦੇ ਘਰ ਰੋਟੀ ਖਾ ਆ, ਸਹੁੰ ਜੇ ਜੇ ਮੈਂ ਅਟਕ ਜਾਵਾਂ ਤਾਂ।

ਸਾਧੂ- ਸ਼ਾਬਾਸ਼!

ਘੁੱਲੂ ਸਿੰਘ- ਹੋਰ ਬਾਬਿਆ, ਜਦ ਨਿਸ਼ਾ ਜੁ ਹੋ ਗਈ ਦਿਲ ਦੀ ਕਥਾ ਸੁਣ ਸੁਣ ਕੇ, ਫੇਰ ਕੀਹ ਬੋਲਣਾ।

ਇਸ ਤਰ੍ਹਾਂ ਨਾਲ ਸਾਰੇ ਸਿੱਖ ਤੇ ਸਹਿਜਧਾਰੀ, ਜਿਨ੍ਹਾਂ ਨੇ ਅੰਮ੍ਰਿਤ ਛਕਣਾ ਸੀ ਤ੍ਯਾਰ ਹੋ ਪਏ, ਤੇ ਲੌਢੇ ਪਹਿਰ ਸੰਤਾਂ ਕੋਲ ਜਾ ਭੀੜ ਲੱਗੀ। ਸੰਤਾਂ ਨੇ ਆਦਰ ਦੇਕੇ ਥੜੇ ਤੇ ਵਿਛੀ ਖੋਰੀ ਤੇ ਸਭ ਨੂੰ ਬਿਠਾਲ ਲਿਆ ਤੇ ਵਾਰਤਾਲਾਪ ਸ਼ੁਰੂ ਹੋਈ। (ਚਲਦਾ)

# Bhagat Puran Singh


## Messiah for the poor, downtrodden and destitutes

❖ Varinder Singh Walia

He was to Sikhism, what Mother Teresa is to Catholicism. He was almost nominated for Nobel Peace Prize in 1990, but by not giving him the Prize, it was loss of the sick and disabled persons as well as of the Nobel Prize Committee. His life story is a saga of grit, determination, faith in the Almighty and an unending love for the suffering humanity. Bhagat Puran Singh set out his life for the service of the suffering humanity - the greatest religion - against the backdrop of partition of the country in 1947 that witnessed widespread carnage when millions of people had to leave all their belongings in Pakistan and cross over to India. He established a premier institute - the Pingalwara - that has been taking care of the sick, disabled and discarded and the destitute.

Generally known as Bhagat Ji, Puran Singh was born at Rajewal in District Ludhiana on 4 June, 1904 at the house of Chaudhari Chhibu Mal and Mehtab Kaur. In an interview to Patwant Singh, Bhagat Puran Singh disclosed how he became a Sikh. In his early life, he used to travel a lot from village to village. One night, he stayed at a Hindu Temple. The Temple Brahmins told him to clean the Temple. When it was done, they sat before him and ate the food without offering him. Incidentally, next time he had to stay at a Gurdwara and Bhai Ji of the Gurdwara not only gave him good food but also a cot and a glass of milk afterwards, without asking for any sewa for the Gurdwara. After that, Bhagat Puran Singh didn't even think twice and became a Khalsa.

Bhagat Puran Singh established Pingalwara in Amritsar. On 6th March 1957, the All India Pingalwara Society was duly registered with the government. Despite opening its doors for the



Gurpreet Artist Bathinda

destitute, physically and mentally retarded people, Bhagat Ji started a vigorous campaign to make people aware about the root cause of these entire problems. He would collect articles on various social, economic, religious and environmental issues by prominent authors and along with his own writings get them printed for free distribution to the general public. Such a dedication to general welfare of the people brought him heaps of awards and honours from various quarters. Prestigious among these was the 'Padmashri Award' in 1979, which he returned in protest against army action in the Golden Temple in 1984.

Bhagat Puran Singh left for his heavenly abode on August 5, 1992.

Dr Inderjit Kaur, the devout guard in command of this centre of sewa, is doing yeoman's job in an exemplary spirit to alleviate sufferings in the society, and she is committed to carry forward the light lit by Bhagat Ji. In recognition of the spirit, she was awarded Padma Bhushan in 2008 by the government of India.

Many a visitor of national and international repute offers soulful comments to appreciate the work being done here.

Khushwant Singh, the great columnist, has special words to say: 'Bhagat Ji had nothing except his single-minded dedication to serve the poor and the needy. Under dire conditions of every kind, yet he was able to help thousands of lepers, mentally and physically handicapped and the dying. His name will be written in letters of gold in the history of the world'.

V.N. Naraynan, a former Editor-in-Chief, *The Tribune and Hindustan Times* wrote his comment thus: "He looks like *rishis* of old and the Khalsa of Guru Gobind Singh - a veritable combination of courage and compassion, a total embodiment of unselfishness and service. Bhagat Puran Singh is what India's distilled wisdom and rich heritage are all about." Shri Acharya Vinoba Bhave wrote thus: "This Pingalwara is a temple of God without any idol or a representative religious symbol of God installed in it."

While releasing documentary on 'Remembering Bhagat Puran Singh', the Canadian based renowned technocrat Jasbir Jesse Hanspal called it 'A Selfless Life of an unsung hero of India. Like Albert Schweitzer and Mother Teresa of Calcutta, Bhagat Puran Singh of Pingalwara, Amritsar was among the few luminaries in recent history who devoted their entire lives to serving the sick, the weak and the destitute.

Courtesy - *Amritsar: A City with Glorious Legacy*

❖ ❖ ❖ ❖

## ਬੇਬੇ ਮਾਨ ਕੌਰ ਨੂੰ ਨਮ ਅੱਖਾਂ ਨਾਲ ਅੰਤਮ ਸ਼ਰਧਾਂਜਲੀ



ਦੁਨੀਆ ਭਰ 'ਚ ਭਾਰਤ ਦਾ ਨਾਂ ਰੌਸ਼ਨ ਕਰਨ ਵਾਲੀ 105 ਸਾਲਾ ਅਥਲੀਟ ਬੇਬੇ ਮਾਨ ਕੌਰ ਨੂੰ ਚੰਡੀਗੜ੍ਹ ਦੇ ਸੈਕਟਰ 25 ਸਥਿਤ ਸ਼ਮਸ਼ਾਨ ਘਾਟ ਵਿਖੇ ਨਮ ਅੱਖਾਂ ਨਾਲ ਅੰਤਮ ਸ਼ਰਧਾਂਜਲੀ ਦਿੱਤੀ ਗਈ। ਸੰਸਕਾਰ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਖੇਡ ਜਗਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ। ਬੇਬੇ ਮਾਨ ਕੌਰ ਪਿਛਲੇ ਕੁਝ ਸਮੇਂ ਤੋਂ ਕੈਂਸਰ ਨਾਲ ਪੀੜਤ ਸਨ ਤੇ ਉਨ੍ਹਾਂ ਦਾ ਪਿੰਡ ਦੇਵੀ ਨਗਰ ਸਥਿਤ ਸ਼ੁੱਧੀ ਆਯੁਰਵੈਦਕ ਹਸਪਤਾਲ 'ਚ ਇਲਾਜ ਚਲ ਰਿਹਾ ਸੀ। 31 ਜੁਲਾਈ ਨੂੰ ਉਨ੍ਹਾਂ ਅੰਤਮ ਸੁਆਸ ਲਏ।

ਪੁੱਤਰ ਗੁਰਦੇਵ ਸਿੰਘ ਦੇ ਅਨੁਸਾਰ ਬੇਬੇ ਮਾਨ ਕੌਰ ਦਾ ਜਨਮ ਪਟਿਆਲਾ ਵਿਚ ਹੋਇਆ ਸੀ। 93 ਸਾਲ ਦੀ ਉਮਰ 'ਚ ਪੁਤ੍ਰ ਦੇ ਕਹਿਣ ਤੇ ਉਨ੍ਹਾਂ ਦੌੜਨਾ ਸ਼ੁਰੂ ਕੀਤਾ। ਨਿਊਜ਼ੀਲੈਂਡ, ਸਪੇਨ, ਆਕਲੈਂਡ, ਅਮਰੀਕਾ ਤੇ ਕੈਨੇਡਾ ਸਮੇਤ ਦੁਨੀਆ ਭਰ 'ਚ ਹੋਏ ਮੁਕਾਬਲਿਆਂ'ਚ ਹਿੱਸਾ ਲੈ ਕੇ ਉਨਾਂ 3 ਦਰਜਨ ਤੋਂ ਉਪਰ ਤਗਮੇ ਜਿਤੇ। 2010 ਵਿਚ ਨਿਊਜ਼ੀਲੈਂਡ ਵਿਚ ਹੋਈਆਂ ਵਰਲਡ ਮਾਸਟਰਜ਼ ਖੇਡਾਂ ਵਿਚ 100 ਮੀਟਰ ਦੌੜ 'ਚ ਉਨ੍ਹਾਂ ਪਹਿਲਾ ਤਗਮਾ ਜਿੱਤਿਆ। 2011 ਵਿਚ ਉਨ੍ਹਾਂ ਨੂੰ 'ਅਥਲੀਟ ਆਫ ਦਾ ਈਅਰ' ਚੁਣਿਆ ਗਿਆ। 2017 'ਚ ਮਾਸਟਰਜ਼ ਖੇਡਾਂ 'ਚ 4 ਸੋਨ ਤਗਮੇ ਅਤੇ 2018 'ਚ ਦੋ ਸੋਨ ਤਗਮੇ ਜਿੱਤੇ। ਬੇਬੇ ਮਾਨ ਕੌਰ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਵੱਲੋਂ 'ਨਾਰੀ ਸ਼ਕਤੀ ਪੁਰਸਕਾਰ' ਨਾਲ ਵੀ ਸਨਮਾਨਤ ਕੀਤਾ ਗਿਆ।


## ਸ਼੍ਰੋਮਣੀ ਕਮੇਟੀ ਸਥਾਪਤ ਕਰੇਗੀ ਸਿੱਖ ਆਰਕਾਈਵਜ਼ ਪ੍ਰਾਜੈਕਟ

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸਿੱਖਾਂ ਅਤੇ ਪੰਜਾਬੀਆਂ ਨਾਲ ਸੰਬੰਧਤ ਪੁਰਾਤਨ ਤੇ ਇਤਿਹਾਸਕ ਦਸਤਾਵੇਜ਼ਾਂ ਨੂੰ ਸੰਭਾਲਣ ਲਈ ਸਿੱਖ ਆਰਕਾਈਵਜ਼ ਪ੍ਰਾਜੈਕਟ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਇਹ ਪ੍ਰਾਜੈਕਟ ਪਟਿਆਲਾ ਵਿਚ ਜਥੇਦਾਰ ਗੁਰਚਰਨ ਸਿੰਘ ਟੋਹੜਾ ਗੁਰਮਤਿ ਇੰਸਟੀਟਿਊਟ, ਬਹਾਦਰਗੜ੍ਹ ਵਿਚ ਸਥਾਪਤ ਕੀਤਾ ਜਾਏਗਾ। ਇਸ ਸੰਬੰਧੀ ਖੁਲਾਸਾ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਇਸ ਸੰਬੰਧੀ ਸਬ-ਕਮੇਟੀ ਵਲੋਂ ਵਿਸਥਾਰਤ ਰਿਪੋਰਟ ਤਿਆਰ ਕਰ ਲਈ ਗਈ ਹੈ। ਇਸ ਪ੍ਰਾਜੈਕਟ ਵਿਚ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਦਲੀਪ ਸਿੰਘ, ਪਹਿਲੀ ਤੇ ਦੂਜੀ ਵਿਸ਼ਵ ਜੰਗ, ਆਜ਼ਾਦੀ ਦੀ ਜੰਗ, ਦੇਸ਼ ਵੰਡ ਤੇ ਪੰਜਾਬ ਦੇ ਔਖੇ ਦੌਰ ਨਾਲ ਸਬੰਧਤ ਅਹਿਮ ਦਸਤਾਵੇਜ਼ ਸਾਂਭੇ ਜਾਣਗੇ। ਸਿੱਖ ਆਰਕਾਈਵਜ਼ ਪ੍ਰਾਜੈਕਟ ਦੀ ਰੂਪ-ਰੇਖਾ ਤਿਆਰ ਕਰਨ ਵਿਚ ਮਰਹੂਮ ਸਿੱਖ ਵਿਦਵਾਨ ਡਾ. ਦਰਸ਼ਨ ਸਿੰਘ ਦਾ ਅਹਿਮ ਯੋਗਦਾਨ ਹੈ।

❖ ❖ ❖ ❖

# ਪੁਸਤਕ-ਪੜਚੋਲ

ਪਰਮ ਨਿਮਾਣਾ ਦੀ ਗੋਲਡਨ ਐਂਥਮ ਪਬਲੀਕੇਸ਼ਨ ਵਲੋਂ ਪ੍ਰਕਾਸ਼ਿਤ ਪੁਸਤਕ **ਕਿਤਾਬ : ਕੁਦਰਤ ਤੋਂ ਬਲਿਹਾਰ** (ਮੁੱਲ: 250ਰੁ., ਪੰਨੇ:150) ਸਚਮੁੱਚ ਹੀ ਕੁਦਰਤ ਤੇ ਕੁਦਰਤੀ ਜੀਵਨ ਜਿਉਂਦੇ ਉਨ੍ਹਾਂ ਜਿਊੜਿਆਂ ਦੀ ਕਾਵਿ-ਪੇਸ਼ਕਾਰੀ ਹੈ ਜਿਹੜੇ ਅਜ ਸਾਨੂੰ ਕਿਤੇ ਵਿਰਲੇ ਨਜ਼ਰ ਆਉਂਦੇ ਹਨ। ਆਧੁਨਿਕ ਚਕਾਚੌਂਧ, ਭਜ-ਦੌੜ, ਮਾਦਾ ਪ੍ਰਸਤੀ ਤੇ ਸੁੱਖਰਹਿਣੀ ਨੂੰ ਪਰਣਾਈ ਜ਼ਿੰਦਗੀ 'ਚ ਕੁਦਰਤ ਦਾ ਘਾਣ ਕੀ ਹੋਇਆ, ਕੁਦਰਤੀ ਜੀਵਨ ਬਸਰ ਕਰਦੇ ਜਿਊੜੇ ਵੀ ਅਲੋਪ ਹੋ ਗਏ। ਇਸ ਪ੍ਰਸੰਗ 'ਚ **ਕਿਤਾਬ** ਦੀਆਂ ਕਵਿਤਾਵਾਂ ਨਿਸਚੇ ਹੀ ਮੁੱਲਵਾਨ ਤੇ ਪ੍ਰਸੰਗਿਕ ਹਨ। ਪੁਸਤਕ ਦਾ ਆਰੰਭ ਹੀ 'ਮੇਰਾ ਪਿੰਡ' ਤੋਂ ਹੈ। ਅੱਜਕਲ੍ਹ ਵੀ ਇਹ ਗਲ਼ ਅਖਾਉਤ ਦੇ ਤੌਰ ਤੇ ਕਹੀ ਜਾਂਦੀ ਹੈ ਭਾਈ ਜੇ ਕਿਤੇ ਥੋੜ੍ਹਾ-ਬਹੁਤ ਪਿਆਰ, ਭਾਈਚਾਰਾ ਬਚਿਆ ਤਾਂ ਪਿੰਡ 'ਚ ਮਿਲ ਜੂਗਾ, ਸ਼ਹਿਰ 'ਚ ਤੇ ਗੁਆਂਢੀ ਦੀ ਨੀ ਖਬਰ ਹੁੰਦੀ। ਕਵਿਤਾ 'ਮੇਰਾ ਪਿੰਡ' ਨੇ ਅਜ ਤੋਂ ਕੁਝ ਸਮਾਂ ਪਹਿਲਾਂ ਵੱਸਦੇ ਪਿੰਡ ਦੀ ਯਾਦ ਨੂੰ ਸੱਜਰਿਆਂ ਕਰ ਦਿੱਤਾ। ਉਦਾਰਹਨ ਵਜੋਂ:



ਪਿੱਪਲਾਂ ਦੀ ਛਾਂ ਥੱਲੇ ਖੁਸ਼ੀ ਵਾਲਾ ਰੰਗ ਹੋਵੇ,
ਹਰ ਘਰ ਚਾਵਾਂ ਨਾਲ ਚੁੱਲਿਆਂ 'ਚ ਅੱਗ ਪਵੇ,
ਪੱਕੇ ਜਿੱਥੇ ਰੋਟੀ ਸਦਾ ਬਾਪੂ ਨਾ ਕੋਈ ਤੰਗ ਹੋਵੇ,
ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ।

ਪਰਮ ਦੀ ਸਮੁੱਚੀ **ਕਿਤਾਬ** 'ਚ ਇਹ ਪਿੰਡ ਪੱਸਰਿਆ ਹੋਇਆ ਹੈ। ਮਾਂ ਦੀ ਪੁਕਾਰ, ਵਿਹੜੇ ਵਿਚ, ਵੀਰ, ਆਹੀ ਮੇਰਾ ਪਿੰਡ, ਬਲਦਾਂ ਦੀ ਜੋੜੀ, ਬਾਪੂ, ਕੁਦਰਤ, ਤੀਆਂ ਤੀਜ ਦੀਆਂ, ਢੱਕ, ਮਿੱਟੀ, ਬੇਬੇ, ਸਖੀਆਂ, ਮੇਲੇ, ਤਰਪਾਈਆਂ, ਕੂੰਜਾ, ਸਾਂਝੀ, ਭੈਣ ਮੇਰੀਏ, ਪੰਜਾਬ, ਬਾਬੇ, ਬਲਦ, ਚੁੱਲਾ, ਬੋਤਾ, ਹਾਸੇ, ਟੱਪੇ, ਗਲ਼ ਕੀ ਪਿੰਡ ਦਾ ਹਰ ਵਾਕਿਆ, ਹਰ ਵੇਰਵਾ ਇਨ੍ਹਾਂ ਕਵਿਤਾਵਾਂ 'ਚ ਜਿਵੇਂ ਜੀਵੰਤ ਹੋ ਗਿਆ। ਪਰਮ ਦੀ ਖਾਸ ਗਲ਼ ਇਹ ਹੈ, ਉਹਨੇ ਜਿਹੜੇ ਪੇਂਡੂ (ਦੇਸੀ) ਸਭਿਆਚਾਰ ਦੀ ਹੋਂਦ ਨੂੰ ਮਾਣਿਆ ਜਾਂ ਮਹਿਸੂਸਿਆ, ਉਸਨੂੰ ਸ਼ਬਦਾਂ 'ਚ ਬੇਉੜਕ ਸਾਂਭ ਲਿਆ। ਵੰਨਗੀ ਵੇਖੋ:

ਢੁੱਕੀਆਂ ਚਵੰਨੀਆਂ ਨਾ, ਮੇਲੇ ਵੇਖ ਆਉਂਦੇ ਸੀ।
ਮੇਲੇ ਵਿਚ ਜਾ ਕੇ ਫੇਰ, ਕਵੀਸ਼ਰੀ ਵੀ ਗਾਉਂਦੇ ਸੀ।
ਕੱਠੇ ਹੋ ਕੇ ਜਾਂਦੇ ਸਾਰੇ, ਮੋਹ ਵੀ ਜਤਾਉਂਦੇ ਸੀ।
ਉਦੋਂ ਵੱਡੇ ਪਰਿਵਾਰ ਸੀ, ਤੇ ਭਾਈਆਂ 'ਚ ਪਿਆਰ ਹੁੰਦੇ।
ਬਸ ਮੇਲੇ ਵਿਚ ਘੋਲ਼ ਤੇ, ਜ਼ਿਆਦਾ ਤਾਂ ਨਚਾਰ ਹੁੰਦੇ।

ਸਾਡੇ ਸਭਿਆਚਾਰ ਦੀਆਂ ਤਸਵੀਰਾਂ ਨੂੰ ਪੇਸ਼ ਕਰਦਾ ਪਰਮ ਹਾਲਾਤ ਪ੍ਰਦੱਤ ਦੁੱਖਾਂ ਦੇ ਨਾਲ-ਨਾਲ ਸਾਡੀਆਂ ਸਭਿਆਚਾਰਕ ਊਣਤਾਈਆਂ ਦਾ ਵੀ ਕਰੜਾ ਨੋਟਸ ਲੈਂਦਾ ਹੈ:

ਕੁਝ ਚੰਦਰੇ ਲੋਕੀਂ ਨੇ
ਜੋ ਕੁੱਖਾਂ ਵਿਚ ਮਾਰ ਦਿੰਦੇ।
ਇਥੇ ਅਮੀਰਾਂ ਤੋਂ ਜ਼ਿਆਦਾ
ਗਰੀਬ ਧੀਆਂ ਨੂੰ ਪਿਆਰ ਦਿੰਦੇ।
ਇਹ ਕੀ ਕੀ ਕਰਨ ਗਰੀਬਣੀਆਂ
ਇਹ ਵੀ ਜੀਣਾ ਚਾਹੁੰਦੀਆਂ ਨੇ।
ਨਾ ਕੁੱਖ ਵਿਚ ਮਾਰੋ ਧੀਆਂ
ਏਹੀ ਸੰਸਾਰ ਬਣਾਉਂਦੀਆਂ ਨੇ।
......
ਨਾ ਨੋਚ ਮਾਸ ਗਰੀਬਾਂ ਦਾ
ਤੂੰ ਆਪਣੇ ਹੱਕ ਦਾ ਖਾ ਲਿਆ ਕਰ।
ਕਦੇ ਕੋਲ ਬਹਿਕੇ ਤੂੰ ਬਾਪੂ ਦੇ
ਉਹਦਾ ਹੱਕ ਵੀ ਵੰਡਾ ਲਿਆ ਕਰ।

ਸਭਿਆਚਾਰ 'ਚ ਇਤਿਹਾਸਕ ਪੈੜਾਂ ਦਾ ਵੀ ਜ਼ਿਕਰ ਹੁੰਦਾ। ਪਰਮ ਦਾ ਕਾਵਿ ਸੰਗ੍ਰਹਿ 'ਮੇਰਾ ਪਿੰਡ' ਤੋਂ ਬਾਅਦ 'ਨਾਨਕ ਮੇਰਾ' ਵਲ ਪਰਤਦਾ। ਸਾਡੇ ਇਤਿਹਾਸਕ ਨਾਇਕ ਤੇ ਉਹਨਾਂ ਦੀਆਂ ਕਰਣੀਆਂ ਪਰਮ ਦੀ ਕਾਵਿ ਸਿਰਜਨਾ ਦਾ ਹਿੱਸਾ ਬਣਦੀਆਂ। ਗੁਰੂ ਨਾਨਕ ਨੂੰ ਉਹ ਸਮੁੱਚੇ ਬ੍ਰਹਿਮੰਡ 'ਚ ਤੱਕਦਾ ਲਿਖਦਾ:

ਪਰਬਤਾਂ 'ਚ ਵੀ ਹੈ, ਪਾਣੀਆਂ 'ਚ ਵੀ ਹੈ।
ਬੇਲਿਆਂ 'ਚ ਵੀ ਹੈ, ਟਾਹਣੀਆਂ 'ਚ ਵੀ ਹੈ।
ਕਿੱਸਿਆਂ 'ਚ ਵੀ ਹੈ, ਕਹਾਣੀਆਂ 'ਚ ਵੀ ਹੈ।
ਇਹ ਨਾਨਕ ਮੇਰਾ।

ਸੰਗ੍ਰਹਿ ਦਾ ਦੂਜਾ ਭਾਗ ਵਾਰਤਕ ਸਿਰਲੇਖ ਹੇਠ ਹੈ। ਇਸ ਵਿਚ ਧਰਤੀ ਦੇ ਦੁਖੜਿਆਂ ਨੂੰ ਖਾਸਕਰ ਆਜ਼ਾਦੀ ਦੇ ਵੇਲੇ ਵਾਪਰੇ ਦੁਖਾਂਤ ਦਾ ਵਰਣਨ ਵਾਰਤਕ ਤੇ ਕਾਵਿ ਦੀ ਮਿੱਸੀ ਭਾਸ਼ਾ 'ਚ ਕਰਦਾ ਹੈ। ਸਭਿਆਚਾਰ ਦੇ ਬਹੁਵਿੱਧ ਦੁੱਖ ਦੇ ਪਾਸਾਰ ਇਸ ਹਿੱਸੇ 'ਚ ਸਾਡੀ ਸੰਵੇਦਨਾ ਨੂੰ ਟਕੋਰਦੇ ਹਨ। ਕੁਲ ਮਿਲਾ ਕੇ ਆਪਣੀ ਕਾਵਿ-ਸ਼ੈਲੀ, ਸ਼ਬਦ ਚੋਣ, ਕਾਗਜ਼, ਸੈਟਿੰਗ, ਸ਼ਬਦ ਜੋੜ, ਸਭ ਪੱਖਾਂ ਤੋਂ ਇਕ ਸਭਿਆਚਾਰਕ ਤੇ ਭਾਸ਼ਾਈ ਮਿਆਰ ਨੂੰ ਉਲੀਕਦੀ ਤੇ ਘੜਦੀ ਪਰਮ ਦੀ ਇਹ ਕਾਵਿ-ਪੁਸਤਕ **ਕਿਤਾਬ** ਪੰਜਾਬੀ ਆਧੁਨਿਕ ਕਵਿਤਾ 'ਚ ਇਕ ਨਿਵੇਕਲਾ ਹਸਤਾਖਰ ਹੈ, ਹਸਤਾਖਰ ਜੋ ਸਾਡੇ ਅੰਦਰ ਸਾਡੇ ਸਭਿਆਚਾਰ ਦੀ ਥਹੁ ਦਿੰਦਾ, ਨਵੀਨ ਦੇ ਅੰਦਰ ਪੁਰਾਤਨ ਦੀ ਲੋਅ ਜਗਾਉਂਦਾ, ਇਹ ਲੋਅ ਸਦਾ ਜੀਉਂਦੀ ਰਹੇ, ਸਦਾ ਆਬਾਦ ਰਹੇ, ਇਨ੍ਹਾਂ ਲਫਜ਼ਾਂ ਨਾਲ ਮੈਂ ਪਰਮ ਦੀ ਪੁਸਤਕ ਦਾ ਆਦਾਬ ਕਰਦਿਆਂ ਉਡੀਕ ਰੱਖਦਾਂ, ਇਹ ਲੋਅ ਅਗੇਰੇ ਵੀ ਪਰਮ ਦੀਆਂ ਕਾਵਿ-ਸੰਵੇਦਨਾਵਾਂ ਦਾ ਹਿੱਸਾ ਬਣਦੀ ਰਹੇਗੀ ਤੇ ਅਸੀਂ ਆਪਣੇ ਸਭਿਆਚਾਰਕ ਨਿੱਘ ਨੂੰ ਅੱਖਰਾਂ ਦੀ ਮਹਿਫਿਲ 'ਚੋਂ ਧੜਕਦਾ ਮਹਿਸੂਸ ਕਰਦੇ ਰਹਾਂਗੇ, ਸਭਿਆਚਾਰ ਨੂੰ ਨਿਰੰਤਰਤਾ 'ਚ ਢਾਲਦੇ ਰਹਾਂਗੇ। ❖ ❖

– ਮਨਿੰਦਰ ਸਿੰਘ ਸੋਨੀ, 9891591206

## ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

11 ਅਗਸਤ, 1921

ਆਲ ਇੰਡੀਆ ਕਾਂਗਰਸ ਕਮੇਟੀ ਨੇ ਪੰਜਾਬ ਦੀ ਪ੍ਰਵਿਨਸ਼ਲ ਕਾਂਗਰਸ ਕਮੇਟੀ ਨੂੰ ਤਾਰ ਦਿੱਤੀ ਹੈ ਕਿ ਪੰਜਾਬ ਵਿਚ ਸਿੱਖਾਂ ਨੂੰ ਹਿੰਦੂ, ਮੁਸਲਮਾਨਾਂ ਵਾਂਗ ਵੱਖਰੇ ਹੱਕ ਦਿੱਤੇ ਜਾਣ।

## ਸ੍ਰੀ ਪੰਜਾ ਸਾਹਿਬ

ਆਪਣੇ ਪਿਆਰੇ ਤਾਰਨਹਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਵਿੱਤ੍ਰ ਗੁਰਦਵਾਰੇ ਸ੍ਰੀ ਪੰਜਾ ਸਾਹਿਬ ਜੀ ਦੇ ਪ੍ਰਗਟ ਹੋਣ ਦੇ ਜੋੜ ਮੇਲੇ ੭ ਜੁਲਾਈ ਤੋਂ ੧੬ ਜੁਲਾਈ ੧੯੨੧ ਤੱਕ ਬੜੀ ਸ਼ਾਨਦਾਰ ਰੌਨਕ ਨਾਲ ਨਿਰਵਿਘਨ ਸਮਾਪਤ ਹੋਏ। ਜਿਸਦੇ ਵਿਚ ਦੂਰ ਦੂਰ ਥੀ ਕਈ ਹਜ਼ਾਰਾਂ ਦੀ ਤਾਦਾਦ ਵਿਚ ਸੰਗਤਾਂ ਨੇ ਦਰਸ਼ਨ ਦਿੱਤੇ।

ਦੀਵਾਨ ਅਸਥਾਨ ਵਿਚ ਅਗਰੋਕਤ ਲਿਖੇ ਰਾਗੀਆਂ ਉਪਦੇਸ਼ਕਾਂ ਨੇ ਦਰਸ਼ਨ ਦੇ ਕੇ ਕਿਰਤਾਰਥ ਕੀਤਾ ਤੇ ਕਥਾ ਕੀਰਤਨ ਵਿਖਯਾਨ ਦਵਾਰਾ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

ਸ੍ਰੀਮਾਨ ਭਾਈ ਕਿਸ਼ਨ ਸਿੰਘ ਜੀ ਢਡ ਸਾਰੰਗੀ ਦਾ ਜੱਥਾ, ਸ੍ਰੀਮਾਨ ਭਾਈ ਖੜਕ ਸਿੰਘ ਜੀ ਰਾਗੀ ਮਾਝੇ ਦਾ ਜੱਥਾ, ਸ੍ਰੀਮਾਨ ਭਾਈ ਦਿਆਲ ਸਿੰਘ ਜਗਤ ਸਿੰਘ ਜੀ ਰਾਗੀ ਜੱਥਾ, ਸ੍ਰੀਮਾਨ ਭਾਈ ਸੁੰਦਰ ਸਿੰਘ ਜੀ ਰਾਗੀ ਲਾਹੌਰ ਦਾ ਜੱਥਾ, ਸ੍ਰੀਮਾਨ ਭਾਈ ਲਾਭ ਸਿੰਘ ਜੀ ਉਪਦੇਸ਼ਕ ਬਿਸ਼ਨ ਕੌਰ, ਸ੍ਰੀਮਾਨ ਭਾਈ ਜੰਵਦ ਸਿੰਘ ਜੀ ਰਾਵਲ ਪਿੰਡੀ, ਸ੍ਰੀਮਾਨ ਭਾਈ ਦੂਨੀ ਸਿੰਘ ਜੀ ਐਬਟਾਬਾਦ, ਸ੍ਰੀਮਾਨ ਭਾਈ ਤ੍ਰਲੋਕ ਸਿੰਘ ਕੱਲਰ।

੨੦ ਸਿੰਘਾਂ ਤੇ ੮ ਸਿੰਘਣੀਆਂ ਨੇ ਗੁਰੂ ਕਲਗੀਧਰ ਜੀ ਦਾ ਅੰਮ੍ਰਿਤ ਛਕਿਆ।

ਦਾਸ- ਦੀਵਾਨ ਸਿੰਘ
ਪੰਜਾ ਸਾਹਿਬ

## ਮੈਨੂੰ ੧੯ ਸਾਲ ਕੈਦ ਦਾ ਹੁਕਮ ਸੁਣਕੇ ਜ਼ਰਾ ਵੀ ਸ਼ੋਕ ਨਹੀਂ

ਮਿਸਟਰ ਕ੍ਰਿਉ ਦੀ ਕਚੈਹਰੀ ਵਿਚ ੧੦ ਅਗਸਤ ਨੂੰ ਸਰਦਾਰ ਕਰਤਾਰ ਸਿੰਘ ਝੱਬਰ ਨੇ ਨਿਮਨ ਲਿਖਤ ਤਕਰੀਰ ਕੀਤੀ :-

ਅੱਜ ਮੈਨੂੰ ੭ ਸਾਲ ਕੈਦ ਸਖਤ ਦਾ ਹੁਕਮ ਸੁਣਾਇਆ ਗਿਆ ਹੈ, ਮੇਰੇ ਤੇ ਚਾਰ ਮੁਕੱਦਮੇ ਸਨ, ਜਿੰਨਾਂ ਵਿਚ ਮੈਨੂੰ ੧੯ ਸਾਲ ਕੈਦ ਦੀ ਸਜਾ ਦਿੱਤੀ ਗਈ ਹੈ, ਮੈਂ ਕਹਿੰਦਾ ਹਾਂ ਕਿ ਮੈਨੂੰ ਇਸ ਸਜ਼ਾ ਦਾ ਉਕਾ ਰੰਜ ਨਹੀਂ, ਜੇ ਮੈਨੂੰ ਕੋਈ ਰੰਜ ਹੈ ਤਾਂ ਕੇਵਲ ਚੰਦਰ ਕੋਟ ਦੇ ਮੁਕੱਦਮੇਂ ਦਾ। ਮੈਂ ੧੪ ਗੁਰਦਵਾਰਿਆਂ ਤੇ ਕਬਜਾ ਕੀਤਾ, ਜੇ ਗਵਰਨਮੈਂਟ ਮੈਨੂੰ ਇਨ੍ਹਾਂ ਦੇ ਬਦਲੇ ੧੯ ਸਾਲ ਵੀ ਕੈਦ ਦੀ ਸਜ਼ਾ ਦੇਂਦੀ ਤਦ ਵੀ ਮੈਨੂੰ ਕੋਈ ਰੰਜ ਜਾਂ ਚਿੰਤਾ ਨਾ ਹੋਂਦੀ, ਕਿਉਂਕਿ ਜੇ ਗਵਰਨਮੈਂਟ ਦੇ ਨੁਕਤਾ ਏ ਖਿਆਲ ਤੋਂ ਮੇਰਾ ਇਹ ਕੰਮ ਜੁਰਮ ਹੋ ਸਕਦਾ ਹੈ, ਤਦ ਮੇਰੇ ਤੇ ਸਿੱਖ ਕੌਮ ਦੇ ਖਿਆਲ ਵਿੱਚ ਇਹ ਪੰਥ ਦੀ ਸੇਵਾ ਹੈ, ਜਿਸ ਦੇ ਵਾਸਤੇ ਹਰ ਸੱਚੇ ਸਿੱਖ ਨੂੰ ਤਕਲੀਫ਼ ਤੇ ਕੁਰਬਾਨੀ ਲਈ ਹਰ ਵੇਲੇ ਤਯਾਰ ਰਹਿਣਾ ਚਾਹੀਦਾ ਹੈ, ਮੈਂ ਇਕ ਵੇਰ ਅਦਾਲਤ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੁਕੱਦਮਾ ਚੰਦਰ ਕੋਟ ਤੇ ਅਟਾਰੀ ਉਕਾ ਝੂਠਾ ਹੈ, ਉਸ ਵਿੱਚ ਅਨਿਆਏ ਨਾਲ ਮੈਨੂੰ ਸਜ਼ਾ ਦਿੱਤੀ ਗਈ ਹੈ, ੧੯ ਸਾਲ ਦੀ ਲੰਮੀ ਸਜ਼ਾ ਦਾ ਮੈਨੂੰ ਇਸ ਕਰਕੇ ਫਿਕਰ ਨਹੀਂ ਕਿ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਪ੍ਰਸਿੱਧ ਗੁਰਦਵਾਰੇ ਸਿੱਖ ਕੌਮ ਦੇ ਹਥ ਵਿੱਚ ਆ ਗਏ ਹਨ, ਗੁਰਦਵਾਰਿਆਂ ਦੇ ਮਹੰਤ ਆਚਾਰ ਤੋਂ ਗਿਰੇ ਹੋਏ ਸੀ, ਹੁਣ ਪੰਥ ਉਹਨਾਂ ਨੂੰ ਗੱਦੀਆਂ ਤੇ ਬੈਠਣ ਨਹੀਂ ਦੇਵੇਗਾ।

ਵਾਹਿਗੁਰੂ ਜੀ ਕਾ ਖਾਲਸਾ॥
ਸ੍ਰੀ ਵਾਹਿਗੁਰੂ ਜੀ ਕੀ ਫਤੇਹ॥

## ਨੀਤੀ ਸ਼ਤਕ

ਇਕ ਧਨਾਡ ਆਦਮੀ ਦੇ ਘਰ ਸੰਤਾਨ ਨਹੀਂ ਸੀ, ਇਸਦਾ ਪ੍ਰਣ ਸੀ ਕਿ ਮੈਂ ਕੋਈ ਹੋਰ ਵਿਆਹ ਅਉਲਾਦ ਪ੍ਰਾਪਤੀ ਲਈ ਨਹੀਂ ਕਰਾਵਾਂਗਾ। ਪੁਤ੍ਰ ਕਾਮਨਾਂ ਅਤੇ ਮਿੱਤ੍ਰ ਪ੍ਰੇਰਨਾਂ ਕਰਕੇ ਇਸਨੇ ਆਪਣਾ ਪ੍ਰਣ ਤੋੜਕੇ ਹੋਰ ਵਿਆਹ ਕਰਵਾਇਆ, ਪਰ ਸੰਤਾਨ ਦਾ ਸੁਖ ਨਾਂ ਵੇਖ ਸਕਿਆ, ਹਕੀਮ, ਡਾਕਟਰ ਤੇ ਵੈਦ ਦਵਾਈਆਂ ਕਰਦੇ ਹਾਰ ਗਏ, ਦਿਨ ਰਾਤ ਘਰ ਦੇ ਵਿਚ ਜੋਗੀ, ਪੰਡਤ ਅਤੇ ਜੋਤਸ਼ੀਆਂ ਦੀ ਹੀ ਗੈਹਮਾਂ ਗੈਹਮ ਲਗੀ ਰਹਿੰਦੀ, ਨਵੀਂ ਵਿਆਹੀ ਹੋਈ ਇਸਤ੍ਰੀ ਇਨਾਂ ਦੇ ਕੈਹਣ ਤੇ ਕਈ ਪ੍ਰਕਾਰ ਦੇ ਜਾਦੂ ਟੂਣਿਆਂ ਵਿਚ ਹੀ ਰੁਝੀ ਰਹਿੰਦੀ, ਕਦੇ ਮੜੀਆਂ, ਕਬਰਾਂ ਤੇ ਚੁਰਸਤਿਆਂ ਵਿਚ ਦੀਵੇ ਜਗਾਉਂਦੀ ਤੇ ਕਦੇ ਸਜਰ ਸਿਵਿਆਂ ਪਾਸ ਬੈਠਕੇ ਟੂਣੇ ਪਾਂਦੀ। ਕਿਸੇ ਜੋਗੀ ਦੇ ਆਖੇ ਇਕ ਉਜਾੜ ਦੇ ਖੂਹ ਉੱਤੇ ਪੁਜੀ, ਤੇ ਖੂਹ ਦੇ ਝਲਣ ਉਤੇ ਬੈਠਕੇ (ਅਧੇ ਖੂਹ ਦੀ ਲੱਕੜ) ਨ੍ਹਾਉਣ ਲਗੀ, ਪੁਤ੍ਰ ਤਾਂ ਕੀ ਮਿਲਣਾ ਸੀ ਲੱਕੜੀ ਭੁਗੀ ਹੋਣ ਕਰਕੇ ਟੁਟ ਗਈ ਤੇ ਓਹ ਖੂਹ ਵਿਚ ਡਿੱਗਕੇ ਮਰ ਗਈ।

ਏਸੇ ਭਾਵ ਤੇ ਭਰਥਰੀ ਜੀ ਆਖਦੇ ਹਨ:-
ਚਾਹੇ ਛਾਲ ਮਾਰੋ ਵਿਚ ਸਾਗਰੇ ਜਾ,
ਚਾਹੇ ਚੜ੍ਹੋ ਸੁਮੇਰ ਦੇ ਸਿਖਰਾਂ ਤਾਂਈ।
ਚਾਹੇ ਘੋਰ ਸੰਗਮ ਵਿਚ ਜੀਤੋ ਵੈਰੀ,
ਖੇਤੀ ਕਰੋ, ਸੇਵਾ, ਚਾਹੇ ਹੱਟ ਪਈ।
ਸਾਰੀਆਂ ਵਿਦਯਾ ਤੇ ਚਾਹੇ ਹੁਨਰ ਸਿੱਖੋ,
ਪੰਛੀ ਵਾਂਗ ਉੱਡੋ ਅੰਬਰ, ਜ਼ੋਰ ਲਾਈ।
ਜੇਹੜਾ ਨਹੀਂ ਹੋਣਾ ਉਸ ਨਹੀਂ ਹੋਣਾ,
ਕਰਮ ਵੱਸ ਹੋਣੀ, ਸੋ ਨਾਂ ਟਲੇ ਭਾਈ।

❖ ❖ ❖ ❖

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਬਾਣੀ ਗੁਰੂ ਤੇਗ਼ ਬਹਾਦਰ ਸਾਹਿਬ, ਗੁਰੂ ਗ੍ਰੰਥ ਸਾਹਿਬ, ਅੰਗ-੨੧੯}

ਮੂਲ

[ਗਉੜੀ ਮਹਲਾ ੯, ਚਉਪਦਾ ੨੪੭]

ਅਰਥ

ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥ ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥ ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥ ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥

ਹੇ ਸਾਧੂ (ਜਨੋਂ! ਹੋਰਨਾਂ ਤਰਲਿਆਂ ਵਿਚ) ਮਨੁੱਖਾ ਜਨਮ ਬਿਰਥਾ ਨਾ ਗੁਆਓ (ਇਹ ਜਨਮ ਬਹੁਤ) ਅਮੋਲਕ (ਵਸਤੂ) ਮਿਲੀ ਹੈ; ਗੋਬਿੰਦ ਦੇ ਗੁਣ ਗਾਓ (ਜੇ ਇਹ ਸਫਲ ਹੋ ਜਾਵੇ)॥੧॥ ਰਹਾਉ॥ (ਆਪਣੇ ਗੁਨਾਹਗਾਰ ਹੋਣ ਦੇ ਭੈ ਤੋਂ ਯਾ ਆਪਣੇ ਗਰੀਬ ਹੋਣ ਦੀ ਥੁੜ ਤੋਂ ਡਰੇ ਸੰਗੇ ਨਾ) ਤੁਸੀਂ ਉਸ ਹਰੀ ਦੀ ਸ਼ਰਨ ਆ ਜਾਓ, (ਉਹ ਹਰੀ) ਪਤਿਤਾਂ (=ਪਾਪੀਆਂ) ਨੂੰ ਪਵਿਤ੍ਰ ਕਰਨੇ ਵਾਲਾ ਹੈ ਤੇ ਗ੍ਰੀਬਾਂ ਦਾ (ਉਹ) ਸਾਕੇਦਾਰ (ਭਾਵ ਪਰਮ ਮਿਤ੍ਰ) ਹੈ। (ਦੇਖੋ) ਗਜ ਦਾ ਭੈ ਜਿਸ (ਹਰੀ) ਨੂੰ ਸਿਮਰਦਿਆਂ ਮਿਟ ਗਿਆ ਸੀ (ਉਸ ਨੂੰ) ਤੁਸੀਂ ਕਿਉਂ ਭੁਲਾ ਰਹੇ ਹੋ?॥੧॥

(ਸਿਮਰਨ ਐਉਂ ਕਰੋ ਕਿ ਪਹਿਲਾਂ) ਹੰਕਾਰ ਤੇ ਮਾਇਆ ਦਾ ਮੋਹ ਛਡ ਦਿਓ, ਫਿਰ (ਉਸ) ਰਾਮ ਦੇ ਭਜਨ ਵਿਚ ਚਿਤ ਨੂੰ ਲਾ ਦਿਓ। ਕਹਿੰਦੇ ਹਨ (ਗੁਰ) ਨਾਨਕ (ਦੇਵ ਜੀ) ਇਹ ਹੈ ਮੁਕਤੀ ਦਾ ਰਸਤਾ, (ਉਪਰ ਦੱਸੇ ਤ੍ਰੀਕੇ ਨਾਲ) ਗੁਰਮੁਖ ਬਣਕੇ ਤੁਸੀਂ (ਇਸ ਨੂੰ) ਪ੍ਰਾਪਤ ਕਰ ਲਓ॥੨॥੫॥ (ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਤੀਜੀ, ਪੰਨਾ 1366)

O saintly Beings! You should ever keep yourself engaged in singing the glories of the Lord. This human existence that you have attained is rarely attained; why do you just waste it away?1.Pause.

The Lord-God transforms the sinners into immaculate beings; He is the prop of the hapless; you should also seek shelter with Him. Why do you forget the Lord remembering whom all fear of 'Gajendra elephant' came to an end.1.

[The reference here is to a story from the Bhagavata Puran, a sacred text of the Hindus. Gajendra, according to this story, was the lord of all elephants and lived in a garden called Titumat created by god Varuna. This elephant would bring lotus to offer prayer to Visnu. A crocodile caught it in its jaw and nothing availed to get out of it. When all efforts failed, the elephant remembered Visnu for help who saved the elephant by killing the crocodile with his sudarshana chakra. The implied message here is that no one in this world but the remembrance of Name Divine can help man in the end.]

You should efface from your mind all traces of pride and attachment to maya and instead immerse yourself in meditation on the Lord. Nanak says that this is the only way to achieve liberation, but you can put yourself on this path only by surrendering to the refuge of the Guru.2.5.

(English Translation : Dr. Dharam Singh)

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ–55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਗੁਰੂ ਤੇਗ ਬਹਾਦਰ ਜੀ ਦੇ ਮਾਲਵਾ, ਬਾਂਗਰ ਤੇ ਪੁਆਧ ਖੇਤਰਾਂ ਦੇ ਦੌਰੇ ’ਤੇ ਲੈਕਚਰ

ਨਵੀਂ ਦਿੱਲੀ, 30 ਜੁਲਾਈ 2021 : ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਦੀ ਚੌਥੀ ਜਨਮ–ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਇਸ ਆਨਲਾਈਨ ਚਰਚਾ ਦੇ ਤਹਿਤ ‘ਗੁਰੂ ਤੇਗ ਬਹਾਦਰ ਜੀ ਦੇ ਮਾਲਵਾ, ਬਾਂਗਰ ਤੇ ਪੁਆਧ ਖੇਤਰਾਂ ਦੇ ਦੌਰੇ’ ’ਤੇ ਡਿਪਾਰਟਮੈਂਟ ਆਫ਼ ਪੰਜਾਬ ਹਿਸਟੋਰੀਕਲ ਸਟਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਪ੍ਰੋਫੈਸਰ ਤੇ ਮੁਖੀ ਡਾ. ਸੁਖਦਿਆਲ ਸਿੰਘ ਨੇ ਲੈਕਚਰ ਦਿੱਤਾ। ਇਸਦੀ ਪ੍ਰਧਾਨਗੀ ਸੈਂਟਰ ਫਾਰ ਹਿਸਟੋਰੀਕਲ ਸਟਡੀਜ਼, ਜਵਾਹਰਲਾਲ ਨਹਿਰੂ ਯੂਨੀਵਰਸਿਟੀ ਤੋਂ ਪ੍ਰੋਫੈਸਰ ਭਗਵਾਨ ਜੋਸ਼ ਨੇ ਕੀਤੀ। ਇਹ ਸਾਡਾ ਸੁਭਾਗ ਸੀ ਕਿ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਸਦਨ ਦੇ ਪ੍ਰਧਾਨ ਡਾ. ਮਨਮੋਹਨ ਸਿੰਘ ਅਤੇ ਉਹਨਾਂ ਦੀ ਸੁਪਤਨੀ ਸਰਦਾਰਨੀ ਗੁਰਸ਼ਰਨ ਕੌਰ ਨੇ ਵੀ ਇਸ ਪ੍ਰੋਗਰਾਮ ’ਚ ਆਨਲਾਈਨ ਸ਼ਮੂਲੀਅਤ ਕੀਤੀ।


ਡਾ. ਸੁਖਦਿਆਲ ਸਿੰਘ


ਪ੍ਰੋ. ਭਗਵਾਨ ਜੋਸ਼


ਡਾ. ਮਹਿੰਦਰ ਸਿੰਘ


ਡਾ. ਰਵੇਲ ਸਿੰਘ

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਮਨੁੱਖੀ ਅਧਿਕਾਰਾਂ ਅਤੇ ਧਰਮ ਦੀ ਖਾਤਰ ਦਿੱਤੀ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ ਨੂੰ ਵਡੇਰੇ ਅਰਥਾਂ ’ਚ ਬਿਆਨ ਕਰਦਿਆਂ ਇਸ ਚਰਚਾ ’ਚ ਹਾਜ਼ਰ ਵਕਤਿਆਂ ਤੇ ਸਰੋਤਿਆਂ ਨੂੰ ਜੀਓ–ਆਇਆਂ ਕਿਹਾ। ਡਾ. ਸੁਖਦਿਆਲ ਸਿੰਘ ਨੇ ਆਪਣੇ ਲੈਕਚਰ ’ਚ ਮਾਲਵਾ, ਬਾਂਗਰ ਤੇ ਪੁਆਧ ਦੇ ਤੱਤਕਾਲੀ ਭੂਗੋਲਿਕ ਤੇ ਰਾਜਨੀਤਕ ਹਾਲਾਤਾਂ ਦੇ ਤਹਿਤ ਗੁਰੂ ਤੇਗ ਬਹਾਦਰ ਸਾਹਿਬ ਦੇ ਇਨ੍ਹਾਂ ਇਲਾਕਿਆਂ ’ਚ ਕੀਤੇ ਪ੍ਰਚਾਰ ਦੌਰਿਆਂ ਦਾ ਵਿਸ਼ਲੇਸ਼ਣ ਕੀਤਾ। ਉਨ੍ਹਾਂ ਅਨੁਸਾਰ ਕਠਨ ਹਾਲਾਤਾਂ ਦੇ ਬਾਵਜੂਦ ਇਨ੍ਹਾਂ ਇਲਾਕਿਆਂ ’ਚ ਗੁਰੂ ਸਾਹਿਬ ਨੇ ਗੁਰਬਾਣੀ ਦੇ ਪ੍ਰਚਾਰ ਦੇ ਨਾਲ ਨਾਲ ਲੋਕਾਂ ਦੀਆਂ ਮੁਸ਼ਕਲਾਂ ਨੂੰ ਵੀ ਹਲ ਕੀਤਾ। ਇਸ ਪ੍ਰਸੰਗ ’ਚ ਪਾਣੀ ਦੀ ਕਿੱਲਤ ਨੂੰ ਦੇਖਦਿਆਂ ਉਨ੍ਹਾਂ ਜਗ੍ਹਾ ਜਗ੍ਹਾ ਤੇ ਖੂਹ, ਢਾਬਾਂ ਤੇ ਛੱਪੜ ਪੁਟਵਾਏ। ਪ੍ਰਚਾਰ ਦੌਰਿਆਂ ’ਚ ਚੜ੍ਹਦਾ ਚੜਾਵਾ ਤਕਰੀਬਨ ਸਾਰੇ ਦਾ ਸਾਰਾ ਲੋਕ ਭਲਾਈ ਤੇ ਖਰਚ ਹੁੰਦਾ। ਲੋਕ ਭਲਾਈ ਦੇ ਪ੍ਰਸੰਗ ’ਚ ਕੀਤੀਆਂ ਇਨਾਂ ਕੋਸ਼ਿਸ਼ਾਂ ’ਚ ਹੀ ਜਿੱਥੇ ਸਿੱਖ ਧਰਮ ਦਾ ਘੇਰਾ ਵਿਸ਼ਾਲ ਹੋਇਆ, ਉੱਥੇ ਸਮੇਂ ਦੇ ਮੁਤੱਸਬੀ ਹਾਕਮਾਂ ਨਾਲ ਜੂਝਣ ਤੇ ਸਿੱਝਣ ਦੀ ਸ਼ਕਤੀ ਵੀ ਪ੍ਰਾਪਤ ਹੋਈ। ਇਸੇ ਸ਼ਕਤੀ ’ਚੋਂ ਹੀ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਦੀ ਕੁਰਬਾਨੀ ਨੂੰ ਸਮਝਿਆ ਜਾ ਸਕਦਾ ਹੈ। ਪ੍ਰੋ. ਭਗਵਾਨ ਜੋਸ਼ ਨੇ ਆਪਣੇ ਪ੍ਰਧਾਨਗੀ ਭਾਸ਼ਣ ’ਚ ਪ੍ਰੋ. ਸੁਖਦਿਆਲ ਸਿੰਘ ਦੇ ਲੈਕਚਰ ਦੀ ਪ੍ਰਸੰਸਾ ਕਰਦਿਆਂ ਗੁਰੂ ਤੇਗ ਬਹਾਦਰ ਸਾਹਿਬ ਦੀ ਮਨੁੱਖਤਾ ਨੂੰ ਦੇਣ ਤੇ ਮਨੁੱਖੀ ਅਧਿਕਾਰਾਂ ਅਤੇ ਸਭਿਆਚਾਰਕ ਵਿਭਿੰਨਤਾ ਨੂੰ ਕਾਇਮ ਰੱਖਣ ਖਾਤਰ ਦਿੱਤੀ ਉਹਨਾਂ ਦੀ ਕੁਰਬਾਨੀ ਨੂੰ ਵਿਸ਼ਵ ਪੱਧਰ ਤੇ ਉਠਾਉਣ ਦੀ ਗੱਲ ਕਹੀ। ਉਨ੍ਹਾਂ ਅਨੁਸਾਰ ਵਿਸ਼ਵ ਪੱਧਰ ਤੇ ਵੱਸਦੇ ਸਿੱਖ ਭਾਈਚਾਰੇ ਨੂੰ ਯੂਨਾਈਟਿਡ ਨੇਸ਼ਨਜ਼ ਤੱਕ ਗੁਰੂ ਸਾਹਿਬ ਦੀ ਇਸ ਜਨਮ–ਸ਼ਤਾਬਦੀ ਤੇ ਇਹ ਸੁਨੇਹਾ ਪੁਚਾਉਣਾ ਚਾਹੀਦਾ ਹੈ। ਅਖੀਰ ’ਚ ਸਦਨ ਦੇ ਅਕਾਦਮਿਕ ਸਲਾਹਕਾਰ ਡਾ. ਰਵੇਲ ਸਿੰਘ ਨੇ ਤੱਤਾਂ–ਤੱਥਾਂ ਤੋਂ ਅਗੇਰੇ ਇਤਿਹਾਸਕ ਤੇ ਸਭਿਆਚਾਰਕ ਪਰਿਪੇਖ ’ਚ ਹੋਈ ਚਰਚਾ ਨੂੰ ਅਜੋਕੇ ਪ੍ਰਸੰਗ ’ਚ ਮੁੱਲਵਾਨ ਦੱਸਦਿਆਂ ਇਸ ਆਨਲਾਈਨ ਚਰਚਾ ’ਚ ਵਿਸ਼ੇਸ਼ ਤੌਰ ਤੇ ਜੁੜੇ ਡਾ. ਮਨਮੋਹਨ ਸਿੰਘ, ਸਰਦਾਰਨੀ ਗੁਰਸ਼ਰਨ ਕੌਰ ਅਤੇ ਵਕਤਾ ਡਾ. ਸੁਖਦਿਆਲ ਸਿੰਘ, ਪ੍ਰੋ. ਭਗਵਾਨ ਜੋਸ਼ ਸਮੇਤ ਸਾਰੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖